# ਮੇਰੇ ਰੂਹਾਨੀ ਤਜਰਬੇ

*Reflections from my life's spiritual journey*

ਸੰਪੂਰਨ ਸਿੰਘ

BlueRose ONE.com
Stories Matter
NewDelhi • London

**BLUEROSE PUBLISHERS**
India | U.K.

Copyright © Sampuran Singh 2025

All rights reserved by author. No part of this publication may be reproduced, stored in a retrieval system or transmitted in any form or by any means, electronic, mechanical, photocopying, recording or otherwise, without the prior permission of the author. Although every precaution has been taken to verify the accuracy of the information contained herein, the publisher assumes no responsibility for any errors or omissions. No liability is assumed for damages that may result from the use of information contained within.

BlueRose Publishers takes no responsibility for any damages, losses, or liabilities that may arise from the use or misuse of the information, products, or services provided in this publication.

BlueRoseONE.com
Stories Matter
NewDelhi • London

For permissions requests or inquiries regarding this publication,
please contact:

BLUEROSE PUBLISHERS
www.BlueRoseONE.com
info@bluerosepublishers.com
+91 8882 898 898
+4407342408967

ISBN: 978-93-7018-826-6

Cover Design: Shubham Verma
Typesetting: Sagar

**First Edition: March 2025**

# Foreword

My dad, Sampuran Singh Sandhu, has been on a journey and quest to realize God since his childhood. As life unfolded and he continued his spiritual quest diligently, True Guru blessed him with God Realization. Thereafter, the happy and the sad times, success and failure, health and sickness, everything in his life has revolved around the pivot of God realization. He is a living testament to "Sehaj Awastha". He has the lens and knowledge to see every event of his life as the grace of God. Based on true life events, this book is a learning for life. This book is a wonderful opportunity for the readers to learn from real life examples, how life can be lived with fulfillment and realize the blessings of God in every event that happens in life.

I have come to this realization that it is easy to get degrees in education. It is easy to earn a lot of money. It is easy to buy a beautiful house. What is difficult is to learn to stay calm in difficult situations, learn to be content with what you have, learn to see blessings of God during dark times of life. What is difficult is to realize the presence of God in the good and bad events. You get a lot of teachers in your life to teach you concepts of physics and math.

Rarely, you get a teacher who teaches you the art of life by living the ideal life himself. My dad is that special teacher for me and many lives around him. I have always been amazed by his perspective to bring so much gratitude to everyday events. He has many times confidently and openly declared, “I am the happiest man on earth”. This book is the narration of real-life events with this unique perspective. As you read the chapters of this book, you will get the opportunity to immerse your soul into thoughts of the completeness that he experiences and reflects.

- Dr. Mandeep Kaur, DDS, USA

# ਮੁੱਖ ਬੰਦ

"ਮੇਰੇ ਰੂਹਾਨੀ ਤਜਰਬੇ" ਨਾਮਕ ਲਿਖਤ ਵਾਸਤੇ ਮੈਨੂੰ ਬਹੁਤ ਸਾਰੇ ਸੱਜਣਾ ਮਿੱਤਰਾਂ, ਰਿਸ਼ਤੇਦਾਰਾਂ ਅਤੇ ਪਰਿਵਾਰ ਦੇ ਮੈਂਬਰਾਂ ਨੇ ਬਹੁਤ ਹੀ ਪ੍ਰੇਰਨਾ ਦਿੱਤੀ। ਮੇਰੇ ਮਨ ਵਿੱਚ ਵੀ ਇਹ ਖਿਆਲ ਆਉਂਦਾ ਸੀ ਕਿ ਮੇਰੀ ਜ਼ਿੰਦਗੀ ਵਿੱਚ ਜੋ ਰੂਹਾਨੀ ਤਜਰਬੇ ਹੋਏ ਹਨ, ਉਨਾਂ ਨੂੰ ਲਿਖਤੀ ਰੂਪ ਦਿੱਤਾ ਜਾਵੇ। ਕੋਰੋਨਾ ਕਾਲ ਦੇ ਦੌਰਾਨ ਬੇਟੇ ਸਮਦੀਸ਼ ਨੇ ਮੇਰੇ ਆਈਪੈਡ ਵਾਸਤੇ ਇੱਕ ਕੀਪੈਡ, ਪੈਨ ਅਤੇ ਡਾਇਰੀ ਮੇਰੇ ਜਨਮ ਦਿਨ ਤੇ ਗਿਫਟ ਕੀਤਾ। ਮਈ 2024 ਵਿੱਚ ਬੇਟੀ ਮਨਦੀਪ ਯੂਐਸਏ ਤੋਂ ਮੇਰੇ ਪਾਸ ਸਵਾਮੀ ਰਾਮਾ ਮੈਡੀਕਲ ਯੂਨੀਵਰਸਿਟੀ, ਦੇਹਰਾਦੂਨ, ਜਿੱਥੇ ਕਿ ਮੈਂ ਆਪਣੀ ਪਤਨੀ ਗੁਰਪਾਲ ਕੌਰ ਨਾਲ, ਬੇਟੀ ਸਿਮਰਤ ਅਤੇ ਦਾਮਾਦ ਅਮਿਤ ਕੁਮਾਰ ਲਾਲ ਦੇ ਕੋਲ ਰਹਿ ਰਿਹਾ ਸੀ, ਉੱਥੇ ਇੱਕ ਡਾਇਰੀ ਅਤੇ ਪੈਨ ਪੱਕੇ ਇਰਾਦੇ ਨਾਲ ਲੈ ਕੇ ਆਈ। ਇਸ ਦੇ ਨਾਲ ਮੈਨੂੰ ਉਤਸ਼ਾਹ ਮਿਲਿਆ ਅਤੇ ਮੈਂ ਆਪਣੇ ਜੀਵਨ ਦੀਆਂ ਪੁਰਾਣੀਆਂ ਯਾਦਾਂ ਵਿੱਚੋਂ ਕੁਝ ਅਨੁਭਵ, ਜੋ ਕਿ ਕਿਸੇ ਨਾ ਕਿਸੇ ਰੂਪ ਵਿੱਚ ਰੂਹਾਨੀਅਤ ਨਾਲ ਜੁੜਦੇ ਹਨ, ਮਨਦੀਪ ਨੂੰ ਲਿਖਵਾਏ।

ਪਾਠਕਾਂ ਲਈ ਜ਼ਰੂਰੀ ਨਹੀਂ ਕਿ ਸਾਰੀ ਕਿਤਾਬ ਨੂੰ ਲੜੀਵਾਰ ਪੜ੍ਹਨ। ਹਰ ਇੱਕ ਚੈਪਟਰ ਆਪਣੇ ਆਪ ਵਿੱਚ ਇੱਕ ਵੱਖਰੀ ਕਹਾਣੀ ਹੈ ਜਿਸ ਵਿੱਚ ਪਰਮ-ਪਿਤਾ ਪਰਮਾਤਮਾ ਦੀਆਂ ਬਖਸ਼ਿਸ਼ਾਂ ਦਾ ਵਰਣਨ ਹੈ। ਕੋਈ ਇੱਕ ਪ੍ਰਸੰਗ ਵੀ ਪੜ੍ਹਿਆ ਜਾ ਸਕਦਾ ਹੈ। ਇਹਨਾ ਛੋਟੇ-ਛੋਟੇ ਪ੍ਰਸੰਗਾਂ ਵਿੱਚ ਕੋਈ ਵੀ ਪਾਤਰ ਜਾਂ ਘਟਨਾ ਕਾਲਪਨਿਕ ਨਹੀਂ, ਸਗੋਂ ਮੇਰੀ ਜ਼ਿੰਦਗੀ ਵਿੱਚ ਜਿੰਨਾ ਮਹਾਨ ਸ਼ਖਸ਼ੀਅਤਾਂ ਨੇ ਮੈਨੂੰ ਜਿੰਦਗੀ ਜਿਉਣ ਦਾ ਗੁਰਮਤ ਅਨੁਸਾਰ ਢੰਗ ਦੱਸਿਆ, ਉਹਨਾਂ ਦਾ ਹੀ ਵਰਣਨ ਹੈ।

ਕਿਸੇ ਵੀ ਪ੍ਰਕਾਰ ਦੀ ਸੋਚ ਰੱਖਣ ਵਾਲੇ ਵਿਅਕਤੀ ਨੂੰ ਜੇਕਰ ਇਹਨਾਂ ਪ੍ਰਸੰਗਾਂ ਵਿੱਚੋਂ ਕੋਈ ਚੰਗੀ ਗੱਲ ਲੱਭਦੀ ਹੈ ਤਾਂ ਇਹ ਮੇਰੀ ਖੁਸ਼ਕਿਸਮਤੀ ਹੋਵੇਗੀ।

ਧੰਨਵਾਦ,

ਸੰਪੂਰਨ ਸਿੰਘ ਸੰਧੂ

# ਤਤਕਰਾ


1. ਰੂਹਾਨੀ ਤਜਰਬੇ ਕਿਵੇਂ ? ........................................................1
2. ਖੁਸ਼ਹਾਲ ਜੀਵਨ................................................................. 8
3. ਸਵੈ ਜੀਵਨੀ.......................................................................12
4. ਗੁਰਦੁਆਰਾ ਸਾਹਿਬ ਵਿੱਚ ਸੇਵਾ ............................................ 16
5. ਨਿਰੰਕਾਰੀ ਮਿਸ਼ਨ...............................................................21
6. ਗਿਆਨ ਪ੍ਰਾਪਤੀ ਤੋਂ ਬਾਅਦ ਦਾ ਜੀਵਨ.................................... 28
7. ਚਰਨਜੀਤ ਭੂਆ ਜੀ ਦੀ ਕਾਰ ................................................ 32
8. ਸੰਗਤਾਂ ਦਾ ਸਿਲਸਿਲਾ........................................................ 35
9. ਪਰਿਵਾਰਿਕ ਜੀਵਨ: ਸ਼ੁਕਰਾਨਾ ਸਟੋਰੀ..................................... 37
10. ਗੁਰੂ ਦਰਸ਼ਨ ...................................................................46
11. ਸਫਰਨਾਮਾ / ਰੂਹਾਨੀ ਕਿਰਨਾ (Spiritual Rays) .................49
12. ਗੁਰੂ ਦੀ ਸੇਵਾ .................................................................. 55
13. ਭਾਗਾਂ ਵਾਲਾ ਟਰੈਕਟਰ........................................................ 62
14. ਫਰੀਦਕੋਟ ਸਤਿਸੰਗ ਵਿੱਚ ਸੇਵਾ........................................... 64
15. ਸੇਵਾ ਦਾ ਫਲ .................................................................... 68
16. ਨਮਨ ਧੀਰ ਕ੍ਰਿਕਟ ਪਲੇਅਰ ................................................ 74
17. ਬਿਮਾਰੀ: ਗੁਰੂ ਕਿਰਪਾ ਨਾਲ ਪਿਆਰੀ.................................... 77

# 1. ਰੂਹਾਨੀ ਤਜਰਬੇ ਕਿਵੇਂ ?

*" We are not human beings having spiritual experiences,*
*We are the spiritual beings having human experiences."*

" ਅਸੀ ਇਨਸਾਨੀ ਜੀਵ ਨਹੀਂ,

ਜੋ ਰੂਹਾਨੀ ਤਜਰਬਿਆਂ ਦਾ ਆਨੰਦ ਮਾਣ ਰਹੇ ਹਾਂ,

ਅਸੀ ਰੂਹਾਨੀ ਜੀਵ ਹਾਂ,

ਜੋ ਇਸ ਧਰਤੀ ਉੱਪਰ ਇਨਸਾਨੀ ਤਜਰਬਿਆਂ ਦਾ ਆਨੰਦ ਮਾਣ ਰਹੇ ਹਾਂ। "

ਇਕ ਅਨਾਦਿ ਸ਼ਕਤੀ ਖੰਡਾਂ ਬ੍ਰਹਿਮੰਡਾਂ, ਅਕਾਸ਼ ਪਾਤਾਲ, ਜਲਾਂ ਥਲਾਂ, ਜੰਗਲਾਂ ਪਹਾੜਾਂ ਵਿੱਚ ਸਮਾਨ ਰੂਪ ਵਿੱਚ ਭਰਪੂਰ ਹੈ। ਇਸੇ ਅਨਾਦਿ ਸ਼ਕਤੀ ਦੇ ਹੁਕਮ ਨਾਲ ਇਹ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ ਹੈ ਅਤੇ ਇਹ ਸਾਰੇ ਖੰਡ ਬ੍ਰਹਿਮੰਡ, ਅਕਾਸ਼ ਪਾਤਾਲ, ਜਲ ਥਲ, ਜੰਗਲ ਪਹਾੜ ਇਸੇ ਸ਼ਕਤੀ ਦੇ ਹੁਕਮ ਅਤੇ ਭੈ ਵਿੱਚ ਹਨ। ਇਹ ਸੂਰਜ, ਚੰਦ, ਸਿਤਾਰੇ, ਹਵਾ, ਪਾਣੀ, ਧਰਤੀ ਜੋ ਕੁਝ ਵੀ ਸਾਨੂੰ ਇਹਨਾਂ ਅੱਖਾਂ ਨਾਲ ਦਿਸਦਾ ਹੈ, ਸਬ ਕੁਝ ਹੀ ਇਸ ਸ਼ਕਤੀ ਦੇ ਹੁਕਮ ਅਤੇ ਭੈ ਵਿਚ ਚਲ ਰਹੇ ਹਨ। ਜਦੋਂ ਇਥੇ ਕੁਝ ਵੀ ਨਹੀ ਸੀ, ਉਦੋਂ

ਵੀ ਇਹ ਅਨਾਦਿ ਸ਼ਕਤੀ ਮੌਜੂਦ ਸੀ, ਹੁਣ ਵੀ ਹੈ ਅਤੇ ਹਮੇਸ਼ਾ ਹੀ ਕਾਇਮ ਦਾਇਮ ਰਹੇਗੀ, ਕਿਉਂਕਿ ਇਹ ਕਾਲ ਦੀ ਸੀਮਾ ਤੋਂ ਪਰੇ ਹੈ। ਭਗਤ ਕਬੀਰ ਜੀ ਨੇ ਇਸ ਦਾ ਵਰਣਨ ਕੀਤਾ ਹੈ:

"ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ॥

ਕਹਿ ਕਬੀਰ ਨਰ ਤਿਸਹਿ ਧਿਆਵਉ ਬਾਵਰਿਆ ਸੰਸਾਰਾ ॥"

*(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ: ਅੰਗ 484)*

"ਅਰਬਦ ਨਰਬਦ ਧੁੰਧੂਕਾਰਾ, ਧਰਣਿ ਨ ਗਗਨਾ ਹੁਕਮੁ ਅਪਾਰਾ,

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥"

*(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ: ਅੰਗ 1035)*

ਇਸ ਅਨਾਦਿ ਸ਼ਕਤੀ ਦੇ ਹੁਕਮ ਨਾਲ ਇਹ ਸੰਸਾਰ ਹੋਂਦ ਵਿੱਚ ਆਇਆ ਹੈ। ਇਸ ਅਨਾਦਿ ਸ਼ਕਤੀ ਨੇ ਇੱਕ ਆਵਾਜ਼ ਨਾਲ ਸਾਰੇ ਸੰਸਾਰ ਦੀ ਰਚਨਾ ਕੀਤੀ। ਇਸ ਬਾਰੇ ਸਾਰੇ ਧਰਮਾਂ ਦੇ ਗ੍ਰੰਥਾਂ ਵਿੱਚ ਵਰਣਨ ਹੈ:

"ਕੀਤਾ ਪਸਾਉ ਏਕੋ ਕਵਾਉ ਤਿਸ ਤੇ ਹੋਏ ਲਖ ਦਰਿਆਉ"

*(ਜਪੁਜੀ ਸਾਹਿਬ, ਗੁਰੂ ਨਾਨਕ ਦੇਵ ਜੀ, ਅੰਗ 3)*

ਹਿੰਦੂ ਧਰਮ ਅਨੁਸਾਰ "ਓਮ" ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਅੰਗਰੇਜ਼ ਕਹਿੰਦੇ ਹਨ, ਇੱਕ ਬਿੱਗ ਬੈਂਗ ਹੋਇਆ ਜਿਸ ਨਾਲ ਸਾਰਾ ਯੂਨੀਵਰਸ ਹੋਂਦ ਵਿੱਚ ਆਇਆ। ਵੈਸੇ ਵੀ ਅਸੀਂ ਵੇਖੀਏ ਤਾਂ ਇਹ

ਆਵਾਜ਼ ਹੀ ਪੰਜਾਂ ਤੱਤਾਂ: ਧਰਤੀ, ਪਾਣੀ, ਅਗਨੀ, ਵਾਯੂ ਅਤੇ ਆਕਾਸ਼ ਨਾਲੋਂ ਵੱਧ ਤਾਕਤਵਰ ਹੈ। ਇਹਨਾਂ ਪੰਜਾਂ ਤੱਤਾਂ ਦੇ ਵੱਖ ਵੱਖ ਗੁਣ ਹਨ:

1. **ਧਰਤੀ** :- ਇਸ ਵਿੱਚ ਪੰਜ ਗੁਣ ਹਨ:

   ੧. ਸ਼ਬਦ : ਸ਼ਬਦ ਭਾਵ ਆਵਾਜ਼, ਦੋ ਪੱਥਰਾਂ ਨੂੰ ਟਕਰਾਓ ਤਾਂ ਆਵਾਜ਼ ਪੈਦਾ ਹੋਵੇਗੀ, ਇਹ ਸ਼ਬਦ ਹੈ।

   ੨. ਸਪਰਸ਼ : ਕਿਸੇ ਵੀ ਵਸਤੂ ਨੂੰ ਹੱਥ ਵਿੱਚ ਪਕੜ ਕੇ ਵੇਖੋ, ਸਪਰਸ਼ ਦਾ ਅਹਿਸਾਸ ਹੋਵੇਗਾ।

   ੩. ਰੂਪ : ਹਰ ਇੱਕ ਵਸਤੂ ਦਾ ਰੂਪ ਸਾਨੂੰ ਦਿਸਦਾ ਹੈ।

   ੪. ਰਸ : ਧਰਤੀ ਵਿੱਚੋਂ ਪੈਦਾ ਹੋਣ ਵਾਲੇ ਪਦਾਰਥ ਧਰਤੀ ਦੀ ਹੀ ਉਪਜ ਹੈ, ਸਭ ਵਿੱਚ ਰਸ ਹੈ।

   ੫. ਗੰਧ : ਧਰਤੀ ਵਿੱਚ ਟੋਆ ਪੁੱਟ ਕੇ ਵੇਖੋ, ਇੱਕ ਵੱਖਰੀ ਤਰਾਂ ਦੀ ਗੰਧ ਆਵੇਗੀ।

2. **ਪਾਣੀ** :- ਧਰਤੀ ਦੇ ਪੰਜ ਗੁਣਾ ਵਿੱਚੋਂ ਗੰਧ ਨੂੰ ਕੱਢ ਦਈਏ ਤਾਂ ਪਾਣੀ ਕਿਹਾ ਜਾਂਦਾ ਹੈ। ਧਰਤੀ ਉੱਪਰ 70% ਪਾਣੀ ਅਤੇ 30% ਧਰਤੀ ਹੈ। ਇਕ ਗੁਣ ਘੱਟ ਹੋਣ ਨਾਲ ਪਾਣੀ ਵਧੇਰੇ ਤਾਕਤਵਰ ਹੋ ਗਿਆ।

3. **ਅਗਨੀ** :- ਪੰਜਾਂ ਵਿੱਚੋਂ ਦੋ ਗੁਣ- ਗੰਧ ਅਤੇ ਰਸ ਨਿਕਲ ਜਾਣ ਤਾਂ ਅਗਨੀ ਰਹਿ ਜਾਂਦੀ ਹੈ, ਜੋ ਕਿ ਹੋਰ ਵੀ ਤਾਕਤਵਰ ਹੈ।

4. **ਵਾਯੂ** :- ਪੰਜਾ ਵਿੱਚੋਂ ਤਿੰਨ ਗੁਣ ਨਿਕਲ ਜਾਣ ਤਾਂ ਬਾਕੀ ਸ਼ਬਦ ਅਤੇ ਸਪਰਸ਼ ਰਹਿ ਗਏ। ਵਾਯੂ ਦੀ ਆਵਾਜ਼ ਵੀ ਅਸੀਂ ਸੁਣ ਸਕਦੇ ਹਾਂ ਅਤੇ ਸਾਡੇ ਸਰੀਰ ਨੂੰ ਇਸ ਦਾ ਸਪਰਸ਼ ਅਨੁਭਵ ਹੁੰਦਾ ਹੈ। ਵਾਯੂ ਹੋਰ ਵੀ ਤਾਕਤਵਰ ਹੈ।

5. **ਸ਼ਬਦ** :- ਇੱਕ ਹੀ ਗੁਣ ਹੈ ਲੇਕਿਨ ਬਾਕੀ ਸਾਰੇ ਚਾਰ ਤੱਤਾਂ ਧਰਤੀ, ਪਾਣੀ, ਅਗਨੀ ਅਤੇ ਵਾਯੂ ਤੋਂ ਜਿਆਦਾ ਤਾਕਤਵਰ ਹੈ।

ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਇਸ ਅਨਾਦਿ ਸ਼ਕਤੀ ਦੀ ਆਵਾਜ਼ ਨਾਲ ਸਾਰਾ ਬ੍ਰਹਿਮੰਡ ਹੋਂਦ ਵਿੱਚ ਆਇਆ। ਇਸ ਤਰ੍ਹਾਂ "ਆਦਿ ਸਚੁ ਤੋਂ ਜੁਗਾਦਿ" ਭਾਵ ਜੁਗਾਂ ਦਾ ਆਰੰਭ ਹੋਇਆ। "ਹੈ ਭੀ ਸਚੁ" ਭਾਵ ਇਹ ਸ਼ਕਤੀ ਹੋਂਦ ਵਿੱਚ ਹੈ ਅਤੇ ਹੋਂਦ ਵਿੱਚ ਸਦਾ ਰਹੇਗੀ।

ਫਿਰ ਸਮੇਂ-ਸਮੇਂ ਤੇ ਗੁਰੂ ਪੀਰ ਪੈਗੰਬਰਾਂ ਨੇ ਇਸ ਅਨਾਦਿ ਸ਼ਕਤੀ ਦੇ ਵੱਖ-ਵੱਖ ਨਾਮ ਰੱਖੇ ਜਿਵੇਂ ਰਾਮ, ਅੱਲਾ, ਨਿਰੰਕਾਰ, ਵਾਹਿਗੁਰੂ, ਗੌਡ, ਈਸ਼ਵਰ ਆਦਿ। ਇਸ ਸ਼ਕਤੀ ਦੇ ਹਜ਼ਾਰਾਂ-ਲੱਖਾਂ ਹੀ ਨਾਮ ਹੋ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਾਪੁ ਸਾਹਿਬ ਵਿੱਚ ਇਸ ਸ਼ਕਤੀ ਦੇ ਤਕਰੀਬਨ 1200 ਨਾਮ ਲਿਖੇ ਹਨ, ਅਖੀਰ ਤੇ ਬੇਅੰਤ ਕਿਹਾ ਹੈ।

"ਪਰਵਦਗਾਰ ਅਪਾਰ ਅਗਮ ਬੇਅੰਤ ਤੂੰ॥

ਜਿਨਾ ਪਛਾਤਾ ਸਚੁ ਚੁੰਮਾਂ ਪੈਰ ਮੂੰ॥"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਸ਼ੇਖ ਫਰੀਦ ਜੀ ;ਅੰਗ 488)*

ਇਨਸਾਨ ਦੇ ਸਮਝਣ ਵਾਲੀ ਗੱਲ ਇਹ ਹੈ ਕਿ ਇਸ ਸ਼ਕਤੀ ਦੇ ਅਨੇਕ ਨਾਮ ਹੋਣ ਦੇ ਬਾਵਜੂਦ, ਇਹ ਸ਼ਕਤੀ ਭਾਵ 'ਨਾਮੀ' ਇੱਕ ਹੀ ਹੈ। ਜਦੋਂ ਇਨਸਾਨ ਸਮੇਂ ਦੇ ਸਤਿਗੁਰੂ ਤੋਂ ਇਸ ਸ਼ਕਤੀ ਦੀ ਪਹਿਚਾਣ ਕਰ ਲੈਂਦਾ ਹੈ ਤਾਂ ਫਿਰ ਨਾਵਾਂ ਵਿੱਚ ਉਲਝ ਕੇ ਆਪਸ ਵਿੱਚ ਝਗੜੇ ਦੰਗੇ, ਫਸਾਦ ਨਹੀਂ ਕਰਦਾ। ਜਿਵੇਂ ਪਾਣੀ ਦੇ ਅਨੇਕਾਂ ਨਾਮ ਹਨ: ਆਬ, ਨੀਰ, ਜਲ, ਵਾਟਰ; ਪਰ ਨਾਵਾਂ ਨਾਲ ਪਿਆਸ ਨਹੀਂ ਬੁਝਦੀ। ਪਿਆਸ ਤਾਂ ਜੋ 'ਨਾਮੀ' ਹੈ ਅਰਥਾਤ ਪਾਣੀ ਦਾ ਵਾਸਤਵਿਕ ਰੂਪ ਹੈ ਉਸ ਨਾਲ ਹੀ ਬੁਝਦੀ ਹੈ।

"ਮੁਕਤੀ ਤੋਂ ਤਤਵ ਗਿਆਨ ਸੇ ਹੋਤੀ ਹੈ,
ਔਰ ਤਤਵ ਗਿਆਨ ਗੁਰੂ ਕੀ ਵਾਣੀ ਸੇ ਹੋਤਾ ਹੈ"

ਇਸੇ ਤਰ੍ਹਾਂ ਇਸ ਰੂਹ ਦੀ ਪਿਆਸ ਤਾਂ ਇਸ ਨਿਰੰਕਾਰ ਪਰਮ ਪਿਤਾ ਪਰਮਾਤਮਾ ਦੇ ਅਹਿਸਾਸ ਹੋਣ ਨਾਲ ਹੀ ਬੁਝੇਗੀ। ਇਤਿਹਾਸ ਵੱਲ ਧਿਆਨ ਦਈਏ ਤਾਂ ਸ੍ਰੀ ਰਾਮਚੰਦਰ ਜੀ ਮਹਾਰਾਜ ਦੀ ਪਿਆਸ ਵਸ਼ਿਸ਼ਟ ਮੁਨੀ ਜੀ ਤੋਂ ਗਿਆਨ ਪ੍ਰਾਪਤ ਕਰਕੇ ਹੀ ਬੁਝੀ। ਸ੍ਰੀ ਕ੍ਰਿਸ਼ਨ ਮਹਾਰਾਜ ਦੀ ਪਿਆਸ ਸ੍ਰੀ ਸੰਦੀਪਨੀ ਮੁਨੀ ਜੀ ਪਾਸੋਂ ਗਿਆਨ ਪ੍ਰਾਪਤ ਕਰਨ ਉਪਰੰਤ ਹੀ ਬੁਝੀ। ਸੰਤ ਕਬੀਰ ਜੀ ਦੀ ਪਿਆਸ ਸਵਾਮੀ ਰਾਮਾਨੰਦ ਤੋਂ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਹੀ ਖਤਮ ਹੋਈ। ਮੀਰਾ ਬਾਈ ਦੀ

ਰੂਹ ਦੀ ਪਿਆਸ ਭਗਤ ਰਵਿਦਾਸ ਜੀ ਤੋਂ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਹੀ ਬੁਝੀ।

ਜਦੋਂ ਇਨਸਾਨ ਨੂੰ ਸਤਿਗੁਰੂ ਪਾਸੋਂ ਇਸ ਨਿਰੰਕਾਰ ਪ੍ਰਭੂ ਪਰਮਾਤਮਾ ਦੀ ਜਾਣਕਾਰੀ ਹੋ ਜਾਂਦੀ ਹੈ ਤਾਂ ਫਿਰ ਉਹ ਪਰਮਾਤਮਾ ਦਾ ਚਾਰ-ਚੁਫੇਰੇ ਅਹਿਸਾਸ ਕਰਦਾ ਹੈ। ਉਸਨੂੰ ਸਮਝ ਆ ਜਾਂਦਾ ਹੈ ਕਿ ਉਹ ਇੱਕ ਸਰੀਰ ਹੀ ਨਹੀਂ ਅਸਲ ਵਿੱਚ ਉਹ ਇੱਕ ਆਤਮਾ ਹੈ, ਪਰਮ ਪਿਤਾ ਪਰਮਾਤਮਾ ਦਾ ਅੰਸ਼ ਹੈ। ਇੱਕ ਅਗੰਮੀ ਸ਼ਕਤੀ ਦਾ ਮਿਹਰ ਭਰਿਆ ਹੱਥ ਉਸਦੇ ਸਿਰ ਉੱਪਰ ਹੈ। ਫਿਰ ਇਨਸਾਨ ਨੂੰ ਕੋਈ ਡਰ, ਵਹਿਮ, ਚਿੰਤਾ, ਫਿਕਰ ਤੰਗ ਪਰੇਸ਼ਾਨ ਨਹੀਂ ਕਰਦਾ। **ਜਦੋਂ ਸਾਡੀ ਰੂਹ ਸਰੀਰ ਵਿੱਚ ਰਹਿੰਦੇ ਹੋਏ ਹਰ ਕੰਮ ਪਰਮਾਤਮਾ ਦੇ ਅਹਿਸਾਸ ਵਿੱਚ ਕਰਦੀ ਹੈ ਤਾਂ ਸਾਡੇ ਤਜਰਬੇ ਰੂਹਾਨੀ ਹੋ ਜਾਂਦੇ ਹਨ।**

ਮੇਰੇ ਵੱਡੇ ਵੀਰ ਸੁਖਦੇਵ ਸਿੰਘ ਜੀ ਅਹੂਜਾ ਨੇ ਲਿਖਿਆ ਹੈ :-

*ਇਹ ਰੂਹਾਂ ਦੇ ਸੌਦੇ ਰੂਹਾਂ ਹੀ ਜਾਨਣ, ਸਰੀਰਾਂ ਦੀ ਕੋਈ ਵੀ ਗੱਲ ਨਹੀਂ ਹੈ,*

*ਜੋ ਮੌਣਾਂ*ਤੋਂ ਖੜ੍ਹ ਕੇ ਵੀ ਮੁੜ ਜਾਣ ਪਿਆਸੇ, ਉਹਨਾਂ ਪਿਆਸਿਆਂ ਦਾ ਕੋਈ ਹੱਲ ਨਹੀਂ ਹੈ।*

(*ਮੌਣਾਂ- ਜਿੱਥੇ ਖੜ੍ਹ ਕੇ ਰੱਸੀ ਨਾਲ ਬਾਲਟੀ ਬੰਨ੍ਹ ਕੇ ਖੂਹ ਵਿਚੋਂ ਪਾਣੀ ਭਰਦੇ ਹਨ)

*ਪੀਣ ਲਈ ਪਾਣੀ ਤਾਂ ਝੁਕਣਾ ਹੀ ਪੈਂਦਾ, ਚਲਦਿਆਂ ਚਲਦਿਆਂ ਰੁਕਣਾ ਵੀ ਪੈਂਦਾ,*

*ਬਿਨ ਪਾਣੀ ਦੇ ਮੁੱਕਣਾ ਵੀ ਪੈਂਦਾ, ਜੇ ਝੁਕਣੇ ਦਾ ਕਿਸੇ ਨੂੰ ਵੱਲ ਨਹੀਂ ਹੈ,*

*ਜੋ ਮੈਣਾਂ ਤੋਂ ਖੜ੍ਹ ਕੇ ਵੀ ਮੁੜ ਜਾਣ ਪਿਆਸੇ, ਉਹਨਾਂ ਪਿਆਸਿਆਂ ਦਾ ਕੋਈ ਹੱਲ ਨਹੀਂ ਹੈ।*

*ਜੋ ਰਹਿਮਤ ਦੀ ਵਰਖਾ ਚ ਛਤਰੀ ਨੂੰ ਤਾਣੇ, ਤਾਂ ਕੌਣ ਕਹੂਗਾ ਉਹਨਾਂ ਨੂੰ ਸਿਆਣੇ,*
*ਜੋ ਮੁਰਸ਼ਦ ਨੂੰ ਬੰਦੇ ਦੇ ਵਾਂਗੂ ਹੀ ਜਾਣੇ, ਤਾਂ ਇਸ ਤੋਂ ਵੱਡਾ ਕੋਈ ਝੱਲ ਨਹੀਂ ਹੈ,*
*ਜੋ ਮੈਣਾਂ ਤੋਂ ਖੜ੍ਹ ਕੇ ਵੀ ਮੁੜ ਜਾਣ ਪਿਆਸੇ, ਉਹਨਾਂ ਪਿਆਸਿਆਂ ਦਾ ਕੋਈ ਹੱਲ ਨਹੀਂ ਹੈ।*

*ਜੋ ਅੱਜ ਦੇ ਕੰਮ ਨੂੰ ਕੱਲ ਤੇ ਛੱਡੇ, ਤੇ ਸੋਚ ਕੇ ਚੱਲਦਾ ਕਿ ਝੰਡੇ ਨੇ ਗੱਡੇ,*
*ਫਿਰ ਰਹਿ ਜਾਂਦੇ ਮੂੰਹ ਅੱਡੇ ਦੇ ਅੱਡੇ, ਕਿ ਹੋਣੀ ਵੀ ਸਕਦੀ ਟੱਲ ਨਹੀਂ ਹੈ,*
*ਜੋ ਮੈਣਾਂ ਤੋਂ ਖੜ੍ਹ ਕੇ ਵੀ ਮੁੜ ਜਾਣ ਪਿਆਸੇ, ਉਹਨਾਂ ਪਿਆਸਿਆਂ ਦਾ ਕੋਈ ਹੱਲ ਨਹੀਂ ਹੈ।*

*ਜੋ ਸ਼ਰਧਾ ਦੇ ਨਾਲ ਸਿਰ ਨੂੰ ਝੁਕਾਉਂਦਾ, ਉਹ ਅੰਗ ਸੰਗ ਵੱਸਦੇ ਨੂੰ ਸਦਾ ਨਾਲ ਪਾਉਂਦਾ,*
*ਉਹ ਦੇਵ ਦੇ ਵਾਂਗੂੰ ਫਿਰ ਮਸਤੀ ਚ ਗਾਉਂਦਾ, ਉਹਨਾਂ ਚੁੱਭਦਾ ਬਿਰਹੋ ਦਾ ਸਲ ਨਹੀਂ ਹੈ,*
*ਜੋ ਮੈਣਾਂ ਤੋਂ ਖੜ੍ਹ ਕੇ ਵੀ ਮੁੜ ਜਾਣ ਪਿਆਸੇ, ਉਹਨਾਂ ਪਿਆਸਿਆਂ ਦਾ ਕੋਈ ਹੱਲ ਨਹੀਂ ਹੈ।*

# 2. ਖੁਸ਼ਹਾਲ ਜੀਵਨ

ਦੁਨੀਆਂ ਦਾ ਹਰ ਇਨਸਾਨ ਖੁਸ਼ਹਾਲ ਅਤੇ ਸੁਖੀ ਜੀਵਨ ਬਤੀਤ ਕਰਨਾ ਚਾਹੁੰਦਾ ਹੈ, ਆਪੋ ਆਪਣੇ ਢੰਗ ਤਰੀਕੇ ਨਾਲ ਖੁਸ਼ਹਾਲੀ ਹਾਸਲ ਕਰਨਾ ਚਾਹੁੰਦਾ ਹੈ। ਖੁਸ਼ਹਾਲੀ ਦਾ ਮਤਲਬ ਇਕੱਲਾ ਧਨ-ਦੌਲਤ ਤੇ ਸੁੱਖ ਅਰਾਮ ਦੇ ਸਾਧਨ ਨਹੀਂ ਸਗੋਂ ਇਹ ਇੱਕ ਸਥਿਰ ਮਨ ਦੀ ਅਵਸਥਾ ਹੈ। ਜਿਸ ਤਰ੍ਹਾਂ ਗੁਰਬਾਣੀ ਦਾ ਫਰਮਾਨ ਹੈ :

" ਜੋ ਨਰੁ ਦੁਖ ਮੈ ਦੁਖ ਨਹੀ ਮਾਨੈ ।।

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ।।੧।।"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਰਾਗ ਸੋਰਠਿ; ਅੰਗ 633)*

ਹੁਣ ਅਸੀਂ ਵੇਖਣਾ ਹੈ ਕਿ ਖੁਸ਼ਹਾਲ ਜੀਵਨ ਲਈ ਸਾਨੂੰ ਕੀ ਕੁਝ ਚਾਹੀਦਾ ਹੈ? ਇਸ ਦਾ ਅਸੀਂ ਪੁਆਇੰਟ ਵਾਈਜ਼ ਵਰਣਨ ਕਰਾਂਗੇ।

### 1. ਘਰ ਵਿੱਚ ਪ੍ਰੇਮ

ਖੁਸ਼ਹਾਲ ਜੀਵਨ ਦੀ ਸਭ ਤੋਂ ਪਹਿਲੀ ਲੋੜ ਇਹ ਹੈ ਕਿ ਇਨਸਾਨ ਜਿਸ ਘਰ ਪਰਿਵਾਰ ਵਿੱਚ ਰਹਿੰਦਾ ਹੈ, ਉੱਥੇ ਪ੍ਰੇਮ ਦਾ ਹੋਣਾ ਜਰੂਰੀ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਿਹਾ,

" ਸਾਚੁ ਕਹੌ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ "

*(ਸ਼੍ਰੀ ਦਸਮ ਗਰੰਥ ਸਾਹਿਬ ਜੀ :ਅਕਾਲ ਉਸਤਤਿ; ਅੰਗ 13-15)*

ਭਗਤ ਕਬੀਰ ਜੀ ਵੀ ਕਹਿੰਦੇ ਹਨ,

" ਢਾਈ ਅਕਸ਼ਰ ਪ੍ਰੇਮ ਕੇ ਪੜੇ ਸੋ ਪੰਡਿਤ ਹੋਇ "

ਅਸੀਂ ਸਮਾਜ ਵਿੱਚ ਅਤੇ ਆਂਢ ਗੁਆਂਢ ਵੀ ਵੇਖਦੇ ਹਾਂ ਕਿ ਜਿੱਥੇ ਪਰਿਵਾਰ ਦੇ ਮੈਂਬਰਾਂ ਵਿੱਚ ਪਿਆਰ ਹੈ, ਉੱਥੇ ਸਾਰੇ ਸੁੱਖ ਵਸਦੇ ਹਨ।

2. **ਰੋਜ਼ਗਾਰ**

ਦੂਸਰਾ ਆਧਾਰ ਰੋਜ਼ਗਾਰ ਹੈ। ਇਸ ਗੱਲ ਦੀ ਜ਼ਿਆਦਾ ਕੀਮਤ ਨਹੀਂ ਕਿ ਰੋਜ਼ਗਾਰ ਵਿੱਚੋਂ ਕਿੰਨੇ ਪੈਸੇ ਮਿਲਦੇ ਹਨ ਬਲਕਿ ਮਨ ਦੇ ਸੰਤੁਲਿਤ ਵਿਕਾਸ ਲਈ ਰੋਜ਼ਗਾਰ ਦੀ ਹਰ ਵਿਅਕਤੀ ਨੂੰ ਲੋੜ ਹੈ। ਜਦੋਂ ਇਨਸਾਨ ਆਪਣੇ ਕੰਮ ਕਾਰ ਤੇ ਜਾਂਦਾ ਹੈ ਤਾਂ ਆਪਣੇ ਸਹਿਕਰਮੀਆਂ ਨਾਲ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦਾ ਹੈ। ਉਸ ਦਾ ਮਨ ਜਦੋਂ ਆਪਣੇ ਕੰਮ ਵਿੱਚ ਲੱਗਦਾ ਹੈ ਤਾਂ ਮਨ ਵਿੱਚ ਕੋਈ ਬੁਰਾਈ ਪ੍ਰਵੇਸ਼ ਨਹੀਂ ਕਰਦੀ।

3. **ਸਮਾਜਿਕ ਮੇਲ ਜੋਲ**

ਦੁੱਖ ਵੰਡਿਆ ਘੱਟ ਜਾਂਦਾ ਹੈ ਅਤੇ ਜੇ ਖੁਸ਼ੀ ਵੰਡੀਏ ਤਾਂ ਸੌ ਗੁਣਾ ਵੱਧ ਜਾਂਦੀ ਹੈ। ਜਦੋਂ ਇਨਸਾਨ ਆਪਣੇ ਮਨ ਦੇ ਹਾਵ ਭਾਵ ਆਪਣੇ ਦੋਸਤਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਸਾਂਝੇ ਕਰਦਾ ਹੈ ਤਾਂ ਮਨ ਵਿੱਚ ਨੈਗਟਿਵ ਵਿਚਾਰ ਨਹੀਂ ਆਉਂਦੇ।

### 4. **ਪਰਮਾਤਮਾ ਵਿੱਚ ਭਰੋਸਾ**

ਨਾਸਤਕ ਆਦਮੀ ਕਦੇ ਵੀ ਸਦੀਵੀ ਖੁਸ਼ੀ ਪ੍ਰਾਪਤ ਨਹੀਂ ਕਰ ਸਕਦਾ। ਸਾਡੇ ਮਨ ਵਿੱਚ ਜੋ ਕਮਜ਼ੋਰੀਆਂ ਆਉਂਦੀਆਂ ਹਨ, ਉਹਨਾਂ ਤੋਂ ਬਚਣ ਲਈ ਪਰਮਾਤਮਾ ਵਿੱਚ ਵਿਸ਼ਵਾਸ ਜਰੂਰੀ ਹੈ। ਜਿਸ ਤਰ੍ਹਾਂ ਵੱਡੀਆਂ ਵੱਡੀਆਂ ਇਮਾਰਤਾਂ ਦੀਆਂ ਛੱਤਾਂ ਨੂੰ ਥੰਮ ਆਸਰਾ ਦਿੰਦੇ ਹਨ, ਉਸੇ ਹੀ ਤਰ੍ਹਾਂ ਪਰਮਾਤਮਾ ਦਾ ਆਸਰਾ ਸਾਡੇ ਮਨ ਨੂੰ ਢਾਰਸ ਦਿੰਦਾ ਹੈ।

“ ਜਿਉ ਮੰਦਰ ਕਉ ਥਾਮੈ ਥੰਮਨੁ ॥

ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥ "

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਗਉੜੀ ਸੁਖਮਨੀ (ਮਃ 5) ;ਅੰਗ 282)*

“ ਤਜਿ ਸਭਿ ਭਰਮ ਭਜਿਓ ਪਾਰਬ੍ਰਹਮ

ਕਹੁ ਨਾਨਕ ਅਟਲ ਇਹੁ ਧਰਮੁ ”

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਰਾਗ ਗਉੜੀ ;ਅੰਗ 195)*

ਜਿਨਾਂ ਇਨਸਾਨਾਂ ਪਾਸ ਇਹ ਚਾਰ ਵਸਤਾਂ ਹੁੰਦੀਆਂ ਹਨ ਉਹ ਆਪਣੀ ਜ਼ਿੰਦਗੀ ਪਰਮਾਤਮਾ ਦਾ ਸ਼ੁਕਰ ਕਰਦੇ ਹੋਏ ਖੁਸ਼ਹਾਲੀ ਨਾਲ ਬਤੀਤ ਕਰਦੇ ਹਨ। ਅਸੀਂ ਵੀ ਸਵੈ ਮੁਲਾਂਕਨ ਕਰਨਾ ਹੈ ਕਿ ਸਾਡੇ ਪਾਸ ਇਹ

ਚਾਰ ਵਸਤਾਂ ਹਨ? ਜੇ ਕਿਸੇ ਚੀਜ਼ ਦੀ ਘਾਟ ਹੈ ਤਾਂ ਉਸਨੂੰ ਪੂਰਾ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ। ਪ੍ਰਮਾਣ ਸਾਡੇ ਸਾਹਮਣੇ ਹੈ ਕਿ ਭੂਟਾਨ ਦੇਸ਼ ਭਾਵੇਂ ਆਰਥਿਕ ਤੇ ਵਿਗਿਆਨਿਕ ਤੌਰ ਤੇ ਤਰੱਕੀ-ਪ੍ਰਾਪਤ ਨਹੀਂ, ਪਰ ਉਥੋਂ ਦੇ ਲੋਕ ਦੁਨੀਆਂ ਦੇ ਵਿਕਸਿਤ ਦੇਸ਼ਾਂ ਦੇ ਲੋਕਾਂ ਨਾਲੋਂ ਵੱਧ ਖੁਸ਼ਹਾਲ ਹਨ।

# 3. ਸਵੈ ਜੀਵਨੀ

ਇਹ ਮੇਰੀ ਖੁਸ਼ਕਿਸਮਤੀ ਹੈ ਕਿ ਪਰਮਾਤਮਾ ਦੀ ਕਿਰਪਾ ਨਾਲ ਮੇਰਾ ਜਨਮ 5 ਸਤੰਬਰ 1952 ਨੂੰ ਮਾਤਾ ਅਰਦਾਸ ਕੌਰ ਅਤੇ ਪਿਤਾ ਸਰਦਾਰ ਬਲਬੀਰ ਸਿੰਘ ਦੇ ਘਰ ਪਿੰਡ ਹਰਰਾਏਪੁਰ, ਜ਼ਿਲਾ ਬਠਿੰਡਾ ਵਿਖੇ ਹੋਇਆ। ਪਿਤਾ ਜੀ ਬਤੌਰ ਮਾਲ ਪਟਵਾਰੀ ਸਰਵਿਸ ਕਰਦੇ ਸਨ ਅਤੇ ਮਾਤਾ ਜੀ ਅਤਿਅੰਤ ਤੀਖਣ ਬੁੱਧੀ ਅਤੇ ਧਾਰਮਿਕ ਖਿਆਲਾਂ ਦੀ ਸ਼ਖਸ਼ੀਅਤ ਸਨ।

"ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥ "

*(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ : ਗਉੜੀ (ਭ. ਕਬੀਰ) ਅਸਟ. (45);ਅੰਗ 332)*

ਦੇ ਮਹਾਂਵਾਕ ਅਨੁਸਾਰ ਉਹ ਬਹੁਤ ਹੀ ਸਾਦੀ ਅਤੇ ਇਮਾਨਦਾਰੀ ਵਾਲੀ ਜਿੰਦਗੀ ਬਤੀਤ ਕਰਦੇ ਸਨ। ਜਦੋਂ ਅਸੀਂ ਰਾਤ ਨੂੰ ਸੌਂਦੇ ਤਾਂ ਬਾਪੂ ਜੀ ਹਮੇਸ਼ਾ ਸਾਨੂੰ ਇਹ ਸ਼ਬਦ ਸੁਣਾਉਂਦੇ:

" ਥਿਰ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ "

*(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ : ਰਾਗ ਗਉੜੀ ;ਅੰਗ 201)*

ਇੱਥੇ ਮੈਂ ਆਪਣੇ ਮਾਤਾ ਪਿਤਾ ਦੇ ਵਿਹਾਰਕ ਅਤੇ ਇਮਾਨਦਾਰੀ ਵਾਲੀ ਜ਼ਿੰਦਗੀ ਦੀਆਂ ਦੋ ਤਿੰਨ ਮਿਸਾਲਾਂ ਸੰਖੇਪ ਰੂਪ ਵਿੱਚ ਦੱਸਾਂਗਾ। ਸੰਨ 1947 ਵਿੱਚ ਬਾਪੂ ਜੀ ਪਿੰਡ ਹਸਨ ਭੱਟੀ, ਜ਼ਿਲਾ ਫਰੀਦਕੋਟ ਵਿਖੇ ਨੌਕਰੀ ਕਰਦੇ ਸਨ। ਜਦੋਂ ਦੇਸ਼ ਦਾ ਬਟਵਾਰਾ ਹੋਇਆ ਤਾਂ ਬਹੁਤ ਸਾਰੇ ਮੁਸਲਮਾਨ ਵੀਰ ਆਪਣੇ ਘਰਾਂ ਦੀਆਂ ਚਾਬੀਆਂ ਬਾਪੂ ਜੀ ਦੇ ਹਵਾਲੇ ਕਰ ਗਏ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਾਪੂ ਜੀ ਨੇ ਘਰ-ਘਰ ਜਾ ਕੇ ਸਮਾਨ ਦੀ ਲਿਸਟ ਬਣਾਈ। ਜਦੋਂ ਉਹ ਇੱਕ ਮੁਸਲਮਾਨ ਲੰਬਰਦਾਰ ਦੇ ਘਰ ਗਏ, ਉਹਨਾਂ ਨੇ ਉੱਥੇ ਬਹੁਤ ਹੀ ਸੁੰਦਰ ਨਵਾਰੀ ਪਲੰਘ ਦੇਖਿਆ ਜੋ ਉਸ ਜਮਾਨੇ ਵਿੱਚ ਬਹੁਤ ਹੀ ਕੀਮਤੀ ਸੀ। ਚੌਕੀਦਾਰ ਨੇ ਬਾਪੂ ਜੀ ਨੂੰ ਕਿਹਾ ਕਿ ਇਸ ਪਲੰਘ ਨੂੰ ਇਥੇ ਤਾਂ ਸਿਉਕ ਹੀ ਖਾ ਜਾਵੇਗੀ, ਨੰਬਰਦਾਰ ਨੇ ਪਤਾ ਨਹੀਂ ਵਾਪਸ ਆਉਣਾ ਹੈ ਕਿ ਨਹੀਂ। ਇਹ ਕਹਿ ਕੇ ਚੌਕੀਦਾਰ ਪਲੰਗ ਸਿਰ ਉੱਪਰ ਰੱਖ ਕੇ ਸਾਡੇ ਘਰ ਨੂੰ ਤੁਰ ਪਿਆ। ਰਸਤੇ ਵਿੱਚ ਬੇਬੇ ਜੀ ਦੇ ਪੁੱਛਣ ਤੇ ਦੱਸਿਆ ਕਿ ਇਹ ਪਲੰਘ ਤੁਹਾਡੇ ਘਰ ਲਿਜਾ ਰਿਹਾ ਹਾਂ। ਬੇਬੇ ਜੀ ਨੇ ਕਿਹਾ ਸਾਨੂੰ ਇਹ ਪਲੰਘ ਨਹੀਂ ਚਾਹੀਦਾ ਇਹ ਵਾਪਸ ਰੱਖ ਆਓ । ਚੌਕੀਦਾਰ ਨੇ ਬਾਪੂ ਜੀ ਨੂੰ ਦੱਸਿਆ ਕਿ ਬੀਬੀ ਜੀ ਕਹਿੰਦੇ ਹਨ ਕਿ ਇਹ ਪਲੰਘ ਮੈਨੂੰ ਨਹੀਂ ਚਾਹੀਦਾ। ਬਾਪੂ ਜੀ ਨੇ ਵੀ ਇਸ ਨਾਲ ਸਹਿਮਤੀ ਜਤਾਈ ਅਤੇ ਕਿਹਾ ਕਿ ਪਲੰਘ ਘਰ ਨਹੀਂ ਲੈ ਕੇ ਜਾਣਾ ਸੀ। ਕਹਿਣ ਦਾ ਭਾਵ ਮੁਸਲਮਾਨਾਂ ਦੇ ਘਰਾਂ ਵਿੱਚ ਭਾਵੇਂ ਬੇਹੱਦ ਕੀਮਤੀ ਸਮਾਨ ਪਿਆ ਹੋਇਆ ਸੀ ਪਰ

ਬੇਬੇ ਜੀ ਅਤੇ ਬਾਪੂ ਜੀ ਨੇ ਕਦੇ ਵੀ ਲਾਲਚ ਨਹੀਂ ਕੀਤਾ ਅਤੇ ਆਪਣੀ ਸਾਦਾ ਅਤੇ ਇਮਾਨਦਾਰ ਜ਼ਿੰਦਗੀ ਵਿੱਚ ਸੰਤੁਸ਼ਟ ਤੇ ਖੁਸ਼ਹਾਲ ਰਹੇ।

ਸੰਨ 1965-67 ਦੌਰਾਨ ਬਾਪੂ ਜੀ ਪਿੰਡ ਕੋਟਸ਼ਮੀਰ, ਜ਼ਿਲਾ ਬਠਿੰਡਾ ਵਿਖੇ ਸਰਵਿਸ ਕਰਦੇ ਸਨ। ਉਸ ਸਮੇਂ ਮੈਂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਕਹਿਣ ਲੱਗੇ "ਕੱਲ ਨੂੰ ਬਠਿੰਡੇ ਵਿਖੇ ਮਾਲ ਅਫਸਰ ਦੀ ਮੀਟਿੰਗ ਹੈ। ਤੂੰ ਮੇਰੇ ਨਾਲ ਚੱਲ, ਮੀਟਿੰਗ ਤੋਂ ਬਾਅਦ ਮੈਂ ਤੈਨੂੰ ਬਹੁਤ ਸੋਹਣੀ ਰਕਾਬੀ ਲੈ ਕੇ ਦੇਵਾਂਗਾ"। ਮੀਟਿੰਗ ਦੀ ਸਮਾਪਤੀ ਤੋਂ ਬਾਅਦ ਮਾਲ ਅਫਸਰ ਨੇ ਤਹਿਸੀਲਦਾਰ ਤੋਂ ਸਰਕਾਰੀ ਕੰਮ-ਕਾਰ ਬਾਰੇ ਪੁੱਛਿਆ ਤਾਂ ਤਹਿਸੀਲਦਾਰ ਨੇ ਸ਼ਿਕਾਇਤ ਕੀਤੀ ਕਿ ਸਰਦਾਰ ਬਲਬੀਰ ਸਿੰਘ ਠੀਕ ਢੰਗ ਨਾਲ ਡਿਊਟੀ ਨਹੀਂ ਕਰ ਰਿਹਾ। ਜਦੋਂ ਮਾਲ ਅਫਸਰ ਵੱਲੋਂ ਕੰਮ ਕਾਰ ਦੀ ਪੜਤਾਲ ਕੀਤੀ ਗਈ ਤਾਂ ਬਾਪੂ ਜੀ ਦਾ ਕੰਮ ਸਾਰੇ ਸਰਕਲ ਵਿੱਚੋਂ ਚੰਗਾ ਨਿਕਲਿਆ। ਮਾਲ ਅਫਸਰ ਨੇ ਬਾਪੂ ਜੀ ਨੂੰ ਪੁੱਛਿਆ ਕਿ ਤਹਿਸੀਲਦਾਰ ਤੁਹਾਡਾ ਕੰਮ ਇਤਨਾ ਚੰਗਾ ਹੋਣ ਦੇ ਬਾਵਜੂਦ ਸ਼ਿਕਾਇਤ ਕਿਉਂ ਕਰਦਾ ਹੈ? ਬਾਪੂ ਜੀ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਪਿੰਡ ਕੋਟਸ਼ਮੀਰ ਵਿਖੇ ਰਹਿੰਦੇ ਹਨ। ਬਾਪੂ ਜੀ ਨੇ ਕਿਹਾ ਕਿ ਤਹਿਸੀਲਦਾਰ ਮੈਥੋਂ ਹਰ ਮਹੀਨੇ ਪੈਸੇ ਮੰਗਦਾ ਹੈ ਅਤੇ ਮੈਂ ਇਹ ਕੰਮ ਨਹੀਂ ਕਰ ਸਕਦਾ। ਇਹ ਗੱਲ ਸੁਣ ਕੇ ਮਾਲ ਅਫਸਰ ਨੇ ਤਹਿਸੀਲਦਾਰ ਨੂੰ ਬੇਹਦ ਜਿਆਦਾ ਲਾਹਨਤਾਂ ਪਾਈਆਂ ਕਿ ਤੂੰ ਇੱਕ ਸੱਚੇ ਸੁੱਚੇ ਅਤੇ ਇਮਾਨਦਾਰ ਵਿਅਕਤੀ ਦੀ ਸ਼ਿਕਾਇਤ ਕਰਦਾ ਹੈ। ਮਾਲ ਅਫਸਰ ਨੇ ਹੈਰਾਨ ਹੋ ਕੇ ਇਹ ਵੀ ਕਿਹਾ ਕਿ ਜਿਸ ਪਿੰਡ ਵਿੱਚ ਤਿੰਨ ਸਾਲਾਂ ਵਿੱਚ

20 ਕਤਲ ਹੋ ਚੁੱਕੇ ਹਨ ਉਥੇ ਇਨੀ ਇਮਾਨਦਾਰੀ ਨਾਲ ਰਹਿੰਦੇ ਹੋ, ਡਰ ਨਹੀਂ ਲੱਗਦਾ? ਜਦੋਂ ਮੈਂ ਬਾਪੂ ਜੀ ਨਾਲ ਰਕਾਬੀ ਵਾਲੀ ਦੁਕਾਨ ਤੇ ਪਹੁੰਚਿਆ ਤਾਂ ਦੁਕਾਨਦਾਰ ਨੇ ਰਕਾਬੀ ਲਈ 10 ਰੁਪਏ ਮੰਗੇ। ਬਾਪੂ ਜੀ ਨੇ ਮੈਨੂੰ ਕਿਹਾ ਕਿ ਇਹ ਰਕਾਬੀ ਆਪਾਂ ਨਹੀਂ ਲੈ ਸਕਦੇ ਵਾਪਸੀ ਤੇ ਤੂੰ ਜੁੱਤੀਆਂ ਬਣਾਉਣ ਵਾਲੀ ਦੁਕਾਨ ਤੇ ਮੇਚ ਦੇ ਆਈ ਅਤੇ ਮਨ ਪਸੰਦ ਦੀ ਜੁੱਤੀ ਬਣਵਾ ਲਈ। ਮੋਚੀ ਉਹਨਾਂ ਸਮਿਆਂ ਵਿੱਚ ਸਿਰਫ 2 ਰੁਪਏ ਵਿੱਚ ਵਧਿਆ ਕੁਰਮ ਦੀ ਜੁੱਤੀ ਬਣਾ ਦਿੰਦੇ ਸਨ।

# 4. ਗੁਰਦੁਆਰਾ ਸਾਹਿਬ ਵਿੱਚ ਸੇਵਾ

" ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥ "

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਸਿਰੀਰਾਗੁ ;ਅੰਗ 88)*

ਅਪ੍ਰੈਲ 1970 ਤੋਂ ਲੈ ਕੇ ਅਪ੍ਰੈਲ 1972 ਤਕ ਮੈਂ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਪੜ੍ਹਾਈ ਕੀਤੀ। ਉਨਾਂ ਦਿਨਾਂ ਵਿੱਚ ਮੈਂ ਰੋਜ਼ਾਨਾ ਪਿੰਡ ਸੁੱਖਣ ਵਾਲੇ ਤੋਂ ਫਰੀਦਕੋਟ ਤਕਰੀਬਨ 10-12 ਵਿਦਿਆਰਥੀਆਂ ਨਾਲ ਕਾਲਜ ਵਿਖੇ ਸਾਈਕਲ ਤੇ ਆਉਂਦਾ ਜਾਂਦਾ ਸੀ। ਮਾਤਾ ਪਿਤਾ ਦਾ ਗੁਰਬਾਣੀ ਨਾਲ ਪਿਆਰ ਹੋਣ ਕਰਕੇ ਮੇਰਾ ਵੀ ਸੁਭਾਵਿਕ ਤੌਰ ਤੇ ਗੁਰਦੁਆਰਾ ਸਾਹਿਬ ਜਾ ਕੇ ਸੇਵਾ ਕਰਨ ਦਾ ਰੁਝਾਨ ਵੱਧ ਗਿਆ।

ਹੌਲੀ ਹੌਲੀ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਬੰਤਾ ਸਿੰਘ ਜੀ ਜੋ ਕਿ ਬਹੁਤ ਹੀ ਉੱਚੀ ਸੁੱਚੀ ਸ਼ਖਸ਼ੀਅਤ ਦੇ ਮਾਲਕ ਅਤੇ ਨਿਸ਼ਕਾਮ ਸੇਵਾਦਾਰ ਸਨ, ਉਹਨਾਂ ਨਾਲ ਪ੍ਰੇਮ ਭਾਵ ਵਧਿਆ। ਉਹਨਾਂ ਨੇ ਮੈਨੂੰ ਪ੍ਰੇਰਨਾ ਦਿੱਤੀ ਕਿ ਜਿਤਨੇ ਵੀ ਪਿੰਡ ਦੇ ਮੁੰਡੇ ਕਾਲਜ ਪੜਦੇ ਹਨ, ਤੂੰ ਉਹਨਾਂ ਨੂੰ ਪ੍ਰੇਰਨਾ ਦੇ ਕੇ ਸੇਵਾ ਵਿੱਚ ਲਗਾ। ਅਸੀਂ ਸਾਰਿਆਂ ਨੇ ਰਲ

ਮਿਲ ਕੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਏ ਗਰਾਊਂਡ ਵਿੱਚ ਵਾਲੀਬਾਲ ਦਾ ਨੈੱਟ ਲਗਾ ਲਿਆ ਅਤੇ ਰੋਜ਼ਾਨਾ ਸ਼ਾਮ ਨੂੰ ਉੱਥੇ ਵਾਲੀਬਾਲ ਖੇਡਦੇ। ਜਦੋਂ ਕਦੇ ਵੀ ਗੁਰਦੁਆਰਾ ਸਾਹਿਬ ਵਿੱਚ, ਜਾਂ ਪਿੰਡ ਵਿੱਚ, ਕਿਸੇ ਦੇ ਘਰ ਸ੍ਰੀ ਅਖੰਡ ਪਾਠ ਹੁੰਦਾ; ਤਾਂ ਭਾਈ ਸਾਹਿਬ ਬੰਤਾ ਸਿੰਘ ਜੀ ਮੈਨੂੰ ਬੁਲਾ ਕੇ ਕਹਿੰਦੇ,

" ਜਥੇਦਾਰਾਂ ਆਪਣਾ ਜੱਥਾ ਤਿਆਰ ਕਰ ਲੈ, ਤੇਰੇ ਹਿੱਸੇ ਗੁਰੂ ਵੱਲੋਂ ਇਹ ਸੇਵਾ ਆਈ ਹੈ। "

ਅਸੀਂ ਸਾਰੇ ਰਲ ਮਿਲ ਕੇ ਰੌਲਾ ਲਾਉਣ (ਅਖੰਡ ਪਾਠ ਪੜ੍ਹਦੇ ਸਮੇਂ ਨਾਲ ਨਾਲ ਜਪੁਜੀ ਸਾਹਿਬ ਦਾ ਪਾਠ ਕਰਨਾ), ਲੰਗਰ ਤਿਆਰ ਕਰਨ, ਝਾੜੂ ਬੋਕਰ ਲਾਉਣ, ਬਰਤਨ ਸਾਫ ਕਰਨ, ਅਤੇ ਲੰਗਰ ਵਰਤਾਉਣ ਆਦਿ ਦੀ ਸੇਵਾ ਕਰਦੇ ਸੀ। ਜੇ ਕੋਈ ਪਾਠੀ ਸਿੰਘ ਗੁਰਬਾਣੀ ਦਾ ਗਲਤ ਉਚਾਰਨ ਕਰਦਾ ਤਾਂ ਬੇਬੇ ਜੀ ਸਪੀਕਰ ਤੇ ਘਰ ਬੈਠੀ ਉਸ ਦੀ ਆਵਾਜ਼ ਪਛਾਣ ਲੈਂਦੀ। ਉਹ ਮੈਨੂੰ ਕਹਿੰਦੀ ਕਿ ਇਸ ਨਾਮ ਦੇ ਪਾਠੀ ਨੂੰ ਬੁਲਾ ਕੇ ਲਿਆ। ਜਦੋਂ ਮੈਂ ਉਸ ਪਾਠੀ ਨੂੰ ਜਾ ਕੇ ਕਹਿੰਦਾ, "ਬਾਈ, ਤੈਨੂੰ ਬੇਬੇ ਜੀ ਨੇ ਘਰ ਬੁਲਾਇਆ ਹੈ" ਤਾਂ  ਉਸ ਨੇ ਅੱਗੋਂ ਹੱਸ ਕੇ ਕਹਿਣਾ,

"ਕਾਹਦਾ ਘਰ ਬੁਲਾਇਆ ਹੈ, ਮੈਥੋਂ ਕੋਈ ਗਲਤ ਉਚਾਰਨ ਹੋ ਗਿਆ ਹੋਣੈ, ਅੰਮਾ ਮੈਨੂੰ ਝਿੜਕਾਂ ਮਾਰੂਗੀ।"

ਫਿਰ ਵੀ ਉਸਨੇ ਮੇਰੇ ਨਾਲ ਬੇਬੇ ਜੀ ਪਾਸ ਆਉਣਾ ਅਤੇ ਬੇਬੇ ਜੀ ਪਿਆਰ ਨਾਲ ਉਸਨੂੰ ਠੀਕ ਉਚਾਰਨ ਬਾਰੇ ਦੱਸਦੀ। ਪਿੰਡ ਵਿੱਚ ਵੀ

ਜਦੋਂ ਕਿਸੇ ਦੇ ਘਰ ਅਖੰਡ ਪਾਠ ਖੋਲਿਆ ਜਾਂਦਾ ਜਾਂ ਸ਼ੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਸਬੰਧੀ ਪ੍ਰਭਾਤ ਫੇਰੀਆਂ ਅਤੇ ਨਗਰ ਕੀਰਤਨ ਕੱਢਿਆ ਜਾਂਦਾ, ਉਸ ਸਮੇਂ ਅਸੀਂ ਸਾਰੇ ਰਲ-ਮਿਲ ਕੇ ਬਹੁਤ ਹੀ ਉਤਸ਼ਾਹ ਨਾਲ ਸੇਵਾ ਕਰਦੇ। ਇਸ ਤਰਾ ਹੌਲੀ ਹੌਲੀ ਗੁਰਬਾਣੀ ਨਾਲ ਪਿਆਰ ਵੱਧਦਾ ਗਿਆ ਅਤੇ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ "ਅਕਾਲ ਉਸਤਤ", "ਸਵਈਏ", "ਚੰਡੀ ਦੀ ਵਾਰ", "ਬਚਿੱਤਰ ਨਾਟਕ" ਦਾ ਅਧਿਐਨ ਕੀਤਾ। ਮੈਨੂੰ ਇਹ ਸਮਝ ਆਈ ਕਿ ਮੁੱਖ ਤੌਰ ਤੇ ਉਹਨਾਂ ਨੇ ਇਹੀ ਕਿਹਾ:

"ਸਾਚ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ। "

*(ਸ਼੍ਰੀ ਦਸਮ ਗਰੰਥ ਸਾਹਿਬ ਜੀ :ਅਕਾਲ ਉਸਤਤਿ; ਅੰਗ 13-15)*

ਜਦੋਂ ਪਾਠ ਕੀਤਾ ਜਾਂਦਾ ਸੀ ਅਤੇ ਮੈਂ ਧਿਆਨ ਨਾਲ ਸੁਣਦਾ ਸੀ ਤਾਂ ਦੋ ਤਰ੍ਹਾਂ ਦੇ ਸ਼ਬਦ ਅਕਸਰ ਸੁਣਨ ਨੂੰ ਮਿਲਦੇ ਸਨ।

"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰ
ਕਿਸ ਨਾਲਿ ਕੀਚੈ ਦੋਸਤੀ ਸਭ ਜਗੁ ਚਲਣਹਾਰੁ। "

*(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ: ਰਾਗ ਆਸਾ; ਅੰਗ 468)*

ਜਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਹ ਸ਼ਬਦ ਮੇਰੇ ਕੰਨਾਂ ਵਿੱਚ ਗੂੰਜਦਾ:

" ਜਗ ਰਚਨਾ ਸਭ ਝੂਠ ਹੈ ਜਾਨ ਲੇਹੁ ਰੇ ਮੀਤ

ਕਹਿ ਨਾਨਕ ਥਿਰ ਨਾ ਰਹੇ ਜਿਉ ਬਾਲੂ ਕੀ ਭੀਤ।"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਅੰਗ 1429)*

ਨਾਲ ਹੀ ਇਹ ਸ਼ਬਦ ਵੀ ਮੇਰੇ ਕੰਨਾਂ ਵਿੱਚ ਗੂੰਜਦਾ:

"ਇਹ ਜਗ ਸੱਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਰਾਗ ਆਸਾ; ਅੰਗ 463)*

ਅਤੇ

"ਸੱਚੇ ਤੇਰੇ ਖੰਡ ਸਚੇ ਬ੍ਰਹਮੰਡ

ਸੱਚੇ ਤੇਰੇ ਲੋ ਸੱਚੇ ਆਕਾਰ "

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਰਾਗ ਆਸਾ; ਅੰਗ 463)*

ਇਹ ਦੋਵਾਂ ਤਰ੍ਹਾਂ ਦੇ ਸੰਸਾਰ ਨੂੰ ਸੱਚ ਜਾਂ ਝੂਠ ਦਰਸਾਉਣ ਵਾਲੇ ਸ਼ਬਦ ਸੁਣ ਕੇ ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਇਹ ਸੰਸਾਰ ਸੱਚ ਹੈ ਜਾਂ ਝੂਠ। ਮੈਂ ਕਈ ਵਾਰ ਪਾਠੀ ਸੱਜਣਾ ਤੋ ਇਸ ਬਾਰੇ ਪੁੱਛਦਾ ਤਾਂ ਉਹ ਇਹ ਗੱਲ ਟਾਲਮ ਟੋਲ ਕਰ ਦਿੰਦੇ। ਇੱਕ ਦਿਨ ਮੈਂ ਭਾਈ ਸਾਹਿਬ ਬੰਤਾ ਸਿੰਘ ਜੀ ਨੂੰ ਇਹੀ ਸਵਾਲ ਕੀਤਾ: " ਭਾਈ ਸਾਹਿਬ ਜੀ, ਇਹਨਾਂ ਸਲੋਕਾਂ ਤੇ ਚਾਨਣ ਪਾਉਣ ਦੀ ਕਿਰਪਾ ਕਰੋ। ਮੈਨੂੰ ਇਹ ਦੱਸੋ ਕਿ ਇਹ ਦੁਨੀਆ ਸੱਚ ਹੈ ਜਾਂ ਝੂਠ? "

ਤਾਂ ਉਹ ਵੀ ਅੱਗੋਂ ਹੱਸ ਕੇ ਅਤੇ ਇਹ ਕਹਿ ਕੇ ਟਾਲ ਦਿੰਦੇ: " ਕਾਕਾ, ਅਜਿਹੇ ਸਵਾਲ ਨਹੀਂ ਕਰੀਦੇ; ਬੰਦਾ ਗੁਮਰਾਹ ਹੋ ਜਾਂਦਾ ਹੈ। "

1970 ਤੋਂ 1978 ਤੱਕ ਜੋ ਮੈਂ ਭਾਈ ਸਾਹਿਬ ਬੰਤਾ ਸਿੰਘ ਜੀ ਦੀ ਅਗਵਾਈ ਵਿੱਚ ਸੇਵਾ ਕੀਤੀ, ਇਸ ਦਾ ਫਲ ਮੈਨੂੰ ਇਹ ਮਿਲਿਆ ਕਿ ਮੇਰੇ ਮਨ ਵਿੱਚ ਅਕਾਲ ਪੁਰਖ ਨੂੰ ਜਾਨਣ ਦੀ ਇੱਛਾ ਪ੍ਰਬਲ ਹੋ ਗਈ।

" ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥

ਨਾਨਕ ਤਾ ਕੈ ਬਲਿ ਬਲਿ ਜਾਸਾ ॥ "

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਗਉੜੀ ਸੁਖਮਨੀ (ਮਃ 5); ਅੰਗ 266)*

# 5. ਨਿਰੰਕਾਰੀ ਮਿਸ਼ਨ

" ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ "

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਆਸਾ ਵਾਰ ; ਅੰਗ 463)*

ਸੰਨ 1975 ਵਿੱਚ ਭੈਣ ਗੁਰਦੀਪ ਕੌਰ ਅਤੇ ਜੀਜਾ ਜੀ ਡਾਕਟਰ ਧਰਮ ਸਿੰਘ ਬਰਾੜ ਨੇ ਨਿਰੰਕਾਰੀ ਮਿਸ਼ਨ ਨੂੰ ਫੋਲੋ ਕਰਨਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਉਹ ਆਪਣੇ ਖੇਤੀਬਾੜੀ ਅਤੇ ਡਾਕਟਰੀ ਦੇ ਕੰਮਾਂ ਕਾਰਾਂ ਵਿੱਚ ਵਿਅਸਤ ਸਨ। ਉਹਨਾਂ ਦੇ ਮਿਸ਼ਨ ਵਿੱਚ ਸ਼ਾਮਿਲ ਹੋਣ ਦੀ ਸਾਨੂੰ ਬਹੁਤ ਹੈਰਾਨੀ ਹੋਈ ਕਿਉਂਕਿ ਇਸ ਤੋਂ ਪਹਿਲਾਂ ਅਸੀਂ ਨਿਰੰਕਾਰੀ ਮਿਸ਼ਨ ਦਾ ਨਾਮ ਕਦੇ ਵੀ ਨਹੀਂ ਸੁਣਿਆ ਸੀ।

ਮੇਰੇ ਮਨ ਤੇ ਭੈਣ ਗੁਰਦੀਪ ਕੌਰ ਅਤੇ ਡਾਕਟਰ ਧਰਮ ਸਿੰਘ ਜੀ ਦਾ ਬਹੁਤ ਜਿਆਦਾ ਪ੍ਰਭਾਵ ਸੀ ਅਤੇ ਮੈਂ ਉਹਨਾਂ ਨੂੰ ਮਾਤਾ-ਪਿਤਾ ਵਾਲਾ ਹੀ ਦਰਜਾ ਦਿੰਦਾ ਸੀ। ਬਚਪਨ ਵਿੱਚ ਵੀ ਮੈਂ ਗਰਮੀ ਦੀਆਂ ਛੁੱਟੀਆਂ ਉਹਨਾਂ ਦੇ ਪਿੰਡ ਮਲਕੇ ਹੀ ਗੁਜ਼ਾਰਦਾ ਸੀ। ਦਸਵੀਂ ਪਾਸ ਕਰਨ ਤੋਂ

ਬਾਅਦ ਡਾਕਟਰ ਧਰਮ ਸਿੰਘ ਮੈਨੂੰ ਪਿੰਡ ਮਲਕੇ ਵਿਖੇ ਲੈ ਗਏ ਅਤੇ ਗੁਰੂ ਤੇਗ ਬਹਾਦਰ ਕਾਲਜ, ਰੋਡੇ ਵਿਖੇ, ਦਾਖਲਾ ਕਰਵਾ ਦਿੱਤਾ। ਇਸ ਤਰ੍ਹਾਂ ਅਪ੍ਰੈਲ 1968 ਤੋਂ 1970 ਮੈਂ ਦੋ ਸਾਲ ਪਿੰਡ ਮਲਕੇ ਹੀ ਰਿਹਾ।

ਨਿਰੰਕਾਰੀ ਮਿਸ਼ਨ ਵਿੱਚ ਗਿਆਨ ਪ੍ਰਾਪਤ ਕਰਨ ਸਮੇਂ ਡਾਕਟਰ ਧਰਮ ਸਿੰਘ ਬਰਗਾੜੀ ਵਿਖੇ ਪ੍ਰੈਕਟਿਸ ਕਰਦੇ ਸਨ। ਅਕਸਰ ਹੀ ਉਹਨਾਂ ਦੇ ਘਰ ਹਫਤਾਵਾਰ ਸੰਗਤ ਹੁੰਦੀ ਸੀ ਅਤੇ ਮੈਂ ਸੰਗਤ ਵਾਲੇ ਦਿਨ ਉੱਥੇ ਜਾ ਕੇ ਰਹਿੰਦਾ ਸੀ। ਹੌਲੀ ਹੌਲੀ, ਮੈਨੂੰ ਨਿਰੰਕਾਰੀ ਮਿਸ਼ਨ ਦੀ ਜਾਣਕਾਰੀ ਹੋਣ ਲੱਗੀ। ਮੇਰਾ ਸੰਪਰਕ ਨਿਰੰਕਾਰੀ ਮਿਸ਼ਨ ਦੇ ਮਹਾਨ ਪ੍ਰਚਾਰਕ ਗਿਆਨੀ ਜੋਗਿੰਦਰ ਸਿੰਘ ਜੀ, ਮਾਤਾ ਮੀਰਾਂ ਜੀ ਕੋਟਕਪੂਰੇ ਵਾਲੇ, ਸ੍ਰੀ ਸ਼ੁਗਨ ਚੰਦ ਜੀ ਪ੍ਰਮੁੱਖ ਕੋਟਕਪੁਰਾ, ਮਾਸਟਰ ਆਤਮਾ ਸਿੰਘ ਅਨਭੋਲ, ਕਰਤਾਰ ਸਿੰਘ ਜੀ ਸਿਰੀਏ ਵਾਲੇ, ਭਾਈ ਸਾਹਿਬ ਅਮਰਨਾਥ ਅਰਸ਼ੀ ਜੀ ਬਰਗਾੜੀ ਵਾਲੇ ਨਾਲ ਹੋਇਆ। ਸੰਗਤਾਂ ਦਾ ਸਿਲਸਿਲਾ ਚੱਲਦਾ ਰਿਹਾ ਲੇਕਿਨ ਮੈਂ ਸੰਗਤ ਦੇ ਵਿੱਚ ਨੁਕਸ ਕੱਢਣ ਹੀ ਜਾਂਦਾ ਸੀ ਅਤੇ ਸੰਗਤ ਦੇ ਮੈਂਬਰਾਂ ਤੋਂ ਵੱਖਰਾ ਹੀ ਰਹਿੰਦਾ ਸੀ।

ਜਨਵਰੀ 1978 ਵਿੱਚ ਮੇਰੀ ਚੰਡੀਗੜ੍ਹ ਵਿਖੇ ਸਰਕਾਰੀ ਨੌਕਰੀ ਲੱਗ ਗਈ ਅਤੇ ਮੈਂ ਆਪਣੇ ਭਾਣਜੇ ਬਲਜੀਤ ਸਿੰਘ ਨੂੰ ਵੀ ਡੀ ਏ ਵੀ (DAV) ਕਾਲਜ ਜਲੰਧਰ ਤੋਂ ਹਟਾ ਕੇ ਚੰਡੀਗੜ੍ਹ ਵਿਖੇ ਹੀ ਪੜ੍ਹਨ ਲਾ ਲਿਆ। ਅਸੀਂ ਇੱਕ ਘਰ ਵਿੱਚ ਇਕੱਠੇ ਹੀ ਰਹਿੰਦੇ ਸਾਂ। ਐਤਵਾਰ ਵਾਲੇ ਦਿਨ ਉਹ ਮੈਨੂੰ ਸੰਤ ਨਿਰੰਕਾਰੀ ਭਵਨ, ਸੈਕਟਰ 15 ਵਿਖੇ, ਲੈ ਕੇ

ਜਾਂਦਾ ਅਤੇ ਬਦਲੇ ਵਿੱਚ ਹਫਤੇ ਦੇ ਬਾਕੀ ਦਿਨ ਸ਼ਾਮ ਨੂੰ 22 ਸੈਕਟਰ ਦੇ ਗੁਰਦੁਆਰਾ ਸਾਹਿਬ ਵਿੱਚ ਮੇਰੇ ਨਾਲ ਜਾਂਦਾ। ਚੰਡੀਗੜ੍ਹ ਵਿਖੇ ਵੀ ਜਦੋਂ ਮੈਂ ਸੰਗਤ ਵਿੱਚ ਜਾਂਦਾ ਤਾਂ ਸਭ ਤੋਂ ਪਿੱਛੇ ਬੈਠਦਾ। ਮੇਰਾ ਧਿਆਨ ਹਾਲੇ ਵੀ ਸੰਗਤ ਦੇ ਨੁਕਸ ਕੱਢਣ ਵਿੱਚ ਹੀ ਲੱਗਿਆ ਰਹਿੰਦਾ। ਹੌਲੀ ਹੌਲੀ ਮੈਨੂੰ ਇਹ ਅਹਿਸਾਸ ਹੋਣ ਲੱਗਿਆ ਇਹ ਸੰਗਤ ਵਿੱਚ ਕੇਵਲ ਪਰਮਾਤਮਾ ਦੀ ਗੱਲ ਕੀਤੀ ਜਾਂਦੀ ਹੈ ਕਿਸੇ ਵੀ ਧਰਮ ਦੇ ਖਿਲਾਫ ਨਫਰਤ ਵਾਲੀ ਕੋਈ ਗੱਲ ਨਹੀਂ ਕੀਤੀ ਜਾਂਦੀ।

ਅਪ੍ਰੈਲ 1981 ਵਿੱਚ ਮੇਰੀ ਬਦਲੀ ਫਰੀਦਕੋਟ ਵਿਖੇ ਹੋ ਗਈ ਅਤੇ ਮੈਂ ਦੁਬਾਰਾ ਪਿੰਡ ਸੁੱਖਣਵਾਲਾ ਤੋਂ ਬਰਗਾੜੀ ਵਿਖੇ ਹਫਤੇ ਵਿੱਚ ਇੱਕ ਵਾਰ ਸੰਗਤ ਕਰਨ ਜਾਂਦਾ। ਬਰਗਾੜੀ ਵਿਖੇ ਕਈ ਵਾਰ ਭਾਈ ਸਾਹਿਬ ਗੋਰਾ ਲਾਲ ਜੀ ਪਿੰਡ ਜਲਾਲ ਵਾਲੇ ਸੰਗਤ ਕਰਨ ਆਉਂਦੇ। ਉਹਨਾਂ ਨਾਲ ਵੀ ਵਿਚਾਰ ਵਟਾਂਦਰੇ ਦੌਰਾਨ ਮੈਂ ਕਹਿੰਦਾ, ਕਿ ਇਹ ਜਿਤਨੇ ਵੀ ਮਿਸ਼ਨ ਹਨ ਅਮਰੀਕਾ ਦੇ ਏਜੰਟ ਹਨ। ਸਾਡੇ ਦੇਸ਼ ਨੂੰ ਧਾਰਮਿਕ ਭਰਮ ਭੁਲੇਖਿਆਂ ਵਿੱਚ ਪਾ ਕੇ ਲੁੱਟਣਾ ਚਾਹੁੰਦੇ ਹਨ ਅਤੇ ਅਮਰੀਕਾ ਇਹਨਾਂ ਮਿਸ਼ਨਾਂ ਦੀ ਆਰਥਿਕ ਤੌਰ ਤੇ ਸਹਾਇਤਾ ਵੀ ਕਰਦੇ ਹਨ।

ਇੱਕ ਦਿਨ ਉਹ ਮੈਨੂੰ ਕਹਿਣ ਲੱਗੇ ਕਿ ਜੇ ਤੁਹਾਡੇ ਪਾਸ ਸਮਾਂ ਹੈ ਤਾਂ ਮੇਰੀ ਜੀਪ ਵਿੱਚ ਬੈਠੋ ਮੈਂ ਤੁਹਾਨੂੰ ਅਮਰੀਕਾ ਦੇ ਏਜੰਟ ਵਿਖਾ ਕੇ ਲਿਆਵਾਂਗਾ। ਉਹ ਮੈਨੂੰ ਭਗਤਾ ਭਾਈਕਾ ਵਿਖੇ ਇੱਕ ਮਿਸਤਰੀ ਮਹਾਂਪੁਰਸ਼ ਦੇ ਘਰ ਲੈ ਕੇ ਗਏ ਅਤੇ ਭੈਣ ਜੀ ਨੂੰ ਕਹਿਣ ਲੱਗੇ ਕਿ ਪਿੰਡ ਜਲਾਲ ਵਿਖੇ ਨਵਾਂ ਸਤਿਸੰਗ ਭਵਨ ਬਣ ਰਿਹਾ ਹੈ, ਉਸ ਦੀ ਉਸਾਰੀ

ਲਈ ਸੇਵਾ ਲੈਣ ਆਏ ਹਾਂ। ਉਨਾਂ ਨੇ ਸਾਨੂੰ ਬੜੇ ਸਤਿਕਾਰ ਨਾਲ ਬਿਠਾਇਆ ਅਤੇ ਕਿਹਾ ਕਿ ਚਾਹ ਪਾਣੀ ਪੀ ਕੇ ਹੀ ਜਾਣਾ, ਨਾਲ ਹੀ ਇੱਕ ਬੱਚੇ ਨੂੰ ਆਪਣੇ ਪਤੀ ਦੇ ਵਰਕਸ਼ਾਪ ਤੇ ਇਹ ਸੁਨੇਹਾ ਦੇ ਕੇ ਭੇਜਿਆ। ਜਦੋਂ ਮਿਸਤਰੀ ਮਹਾਂਪੁਰਸ਼ ਘਰ ਆਇਆ ਤਾਂ ਉਸ ਦੇ ਕੱਪੜੇ ਗਰੀਸ ਤੇਲ ਆਦਿ ਲੱਗ ਕੇ ਕਾਲੇ ਹੋਏ ਪਏ ਸਨ। ਉਹਨਾਂ ਨੇ ਆਉਂਦਿਆਂ ਹੀ ਭਾਈ ਸਾਹਿਬ ਗੋਰਾ ਲਾਲ ਜੀ ਨੂੰ 500 ਰੁਪਏ ਭਵਨ ਦੀ ਉਸਾਰੀ ਲਈ ਸੇਵਾ ਦਿੱਤੀ। ਇਹ ਸਾਲ 1980 ਦੀ ਗੱਲ ਹੈ, ਉਸ ਸਮੇਂ 500 ਰੁਪਏ ਦੀ ਬਹੁਤ ਜਿਆਦਾ ਕੀਮਤ ਸੀ। ਭਾਈ ਸਾਹਿਬ ਗੋਰਾ ਲਾਲ ਜੀ ਨੇ ਮਿਸਤਰੀ ਮਹਾਂਪੁਰਸ਼ ਨੂੰ ਬਾਂਹ ਤੋਂ ਫੜ ਕੇ ਮੇਰੇ ਸਾਹਮਣੇ ਖੜਾ ਕਰ ਦਿੱਤਾ ਅਤੇ ਕਿਹਾ, “ ਇਹ ਵੇਖੋ ਅਮਰੀਕਾ ਦਾ ਏਜੰਟ, ਨਿਰੰਕਾਰੀ ਮਿਸ਼ਨ ਅਜਿਹੇ ਸੰਤਾਂ ਭਗਤਾਂ ਦੀ ਸੇਵਾ ਨਾਲ ਚਲਦਾ ਹੈ। ”

ਗੋਰਾ ਲਾਲ ਜੀ ਦੀ ਉੱਚੀ ਸੁੱਚੀ ਸ਼ਖਸ਼ੀਅਤ, ਤਪ ਤਿਆਗ ਵਾਲੀ ਜ਼ਿੰਦਗੀ ਦਾ ਮੇਰੇ ਮਨ ਉੱਪਰ ਬਹੁਤ ਚੰਗਾ ਪ੍ਰਭਾਵ ਸੀ। ਇਸ ਘਟਨਾ ਤੋਂ ਬਾਅਦ ਮੈਨੂੰ ਇੱਕ ਝੰਜੋੜਾ ਜਿਹਾ ਲੱਗਿਆ ਕੀ ਮੈਂ ਖਾਹ-ਮਖ਼ਾਹ ਹੀ ਸੰਗਤ ਵਿੱਚ ਨੁਕਸ ਕੱਢਦਾ ਰਿਹਾ। ਉਸ ਤੋਂ ਬਾਅਦ ਮਾਰਚ 1980 ਨੂੰ ਬਿਨਾਂ ਕਿਸੇ ਡਰ, ਲਾਲਚ ਜਾਂ ਦੁਖ ਤਕਲੀਫ ਦੇ ਆਤਮਾ ਦੀ ਆਵਾਜ਼ ਅਨੁਸਾਰ ਮੈਂ ਭਾਈ ਸਾਹਿਬ ਗੋਰਾ ਲਾਲ ਜੀ ਤੋਂ ਸਤਿਗੁਰੂ ਦੀ ਕਿਰਪਾ ਨਾਲ ਬ੍ਰਹਮ ਗਿਆਨ ਦੀ ਪ੍ਰਾਪਤੀ ਕੀਤੀ।

“ ਸ਼ਬਦ ਗੁਰੂ ਦਾ ਜੇ ਮਨ ਵੱਸੇ, ਚਾਨਣ ਥੀਂ ਭਰਪੂਰ ਕਰੇ

ਸਬਰ ਸਬੂਰੀ ਘਰ ਵਿੱਚ ਆਵੇ, ਸਾਰੀ ਦੁਵਿਧਾ ਦੂਰ ਕਰੇ ”

ਭੈਣ ਗੁਰਦੀਪ ਕੌਰ ਦਾ ਪਰਿਵਾਰ ਬਰਗਾੜੀ ਤੋਂ ਕੋਟਕਪੂਰਾ ਵਿਖੇ ਸ਼ਿਫਟ ਹੋ ਗਿਆ ਅਤੇ ਇੱਥੇ ਵੀ ਮੇਰਾ ਪਹਿਲਾਂ ਵਾਂਗ ਆਉਣਾ ਜਾਓਣਾ ਬਣਿਆ ਰਿਹਾ। ਕੁਝ ਸਾਲਾਂ ਬਾਅਦ ਭੈਣ ਜੀ ਦਾ ਪਰਿਵਾਰ ਅਮਰੀਕਾ ਅਤੇ ਕਨੇਡਾ ਵਿਖੇ ਮਾਈਗ੍ਰੇਟ ਹੋਣਾ ਸ਼ੁਰੂ ਹੋ ਗਿਆ। ਫਿਰ ਬੱਚਿਆਂ ਨੇ ਭੈਣ ਜੀ ਨੂੰ ਵੀ ਅਮਰੀਕਾ ਬੁਲਾ ਲਿਆ।

ਜਦੋਂ ਭੈਣ ਜੀ ਪਹਿਲੀ ਵਾਰ ਅਮਰੀਕਾ ਜਾਣ ਲਗੇ ਤਾਂ ਬਹੁਤ ਸਾਰੇ ਰਿਸ਼ਤੇਦਾਰ ਉਹਨਾਂ ਵਾਸਤੇ ਤੋਹਫੇ ਲੈ ਕੇ ਆਏ। ਮੈਂ ਉਹਨਾਂ ਵਾਸਤੇ ਦੋ ਛੋਟੇ ਛੋਟੇ ਕਾਰਡ ਲੈ ਕੇ ਗਿਆ। ਇੱਕ ਉਪਰ ਅੰਗਰੇਜ਼ੀ ਵਿੱਚ ਲਿਖਿਆ ਸੀ, ਕਿ ਮੈਂ ਅੰਗਰੇਜ਼ੀ ਨਹੀਂ ਜਾਣਦੀ, ਕਿਰਪਾ ਕਰਕੇ ਮੇਰੀ ਮਦਦ ਕਰੋ (I don’t know English, Please help)। ਦੂਸਰੇ ਕਾਰਡ ਉੱਪਰ ਭੈਣਜੀ ਦੇ ਬੇਟੇ ਅਤੇ ਨੂੰਹਰਾਣੀ ਦਾ ਨਾਮ ,ਐਡਰੈੱਸ ਅਤੇ ਫੋਨ ਨੰਬਰ ਸੀ।

ਜਹਾਜ਼ ਜਦੋਂ ਭਾਰਤ ਤੋਂ ਅਮਰੀਕਾ ਜਾ ਰਿਹਾ ਸੀ, ਤਾਂ ਕਿਸੇ ਕਾਰਣ ਰਸਤੇ ਵਿੱਚ ਹੀ ਲੈਂਡ ਕਰਨਾ ਪਿਆ। ਇਥੋਂ ਹੋਰ ਜਹਾਜ਼ ਲੈਣਾ ਸੀ। ਭੈਣਜੀ ਨੇ ਕਿਸੇ ਵਿਅਕਤੀ ਨੂੰ ਦੂਸਰਾ ਕਾਰਡ ਦਿਖਾਇਆ, ਜਿਸਨੇ ਭੈਣ ਜੀ ਨੂੰ ਅਮਰੀਕਾ ਵਿਖੇ ਪਹੁੰਚਣ ਵਿੱਚ ਮਦਦ ਕੀਤੀ। ਏਅਰਪੋਰਟ ਤੋਂ ਭੈਣ ਜੀ ਦਾ ਬੇਟਾ ਉਹਨਾਂ ਨੂੰ ਘਰ ਲੈ ਕੇ ਗਿਆ। ਕੁਝ ਦਿਨਾਂ ਬਾਅਦ

ਭੈਣਜੀ ਦਾ ਫੋਨ ਆਇਆ ਕਿ ਜਦੋਂ ਜਹਾਜ ਰਸਤੇ ਵਿੱਚ ਲੈਂਡ ਕਰ ਗਿਆ ਤਾਂ, ਤੇਰੇ ਵਜੋਂ ਦਿੱਤਾ ਗਿਆ ਕਾਰਡ ਹੀ ਕੰਮ ਆਇਆ।

ਇਸ ਤਰ੍ਹਾਂ ਭੈਣ ਜੀ ਦਾ ਕਨੇਡਾ ਤੋਂ ਕੋਟਕਪੂਰਾ ਵਿਖੇ ਆਉਣਾ ਜਾਣਾ ਰਹਿੰਦਾ ਸੀ ਅਤੇ ਮੈਂ ਅਕਸਰ ਹੀ ਉਹਨਾਂ ਦੇ ਬਾਹਰੋਂ ਆਉਣ ਅਤੇ ਵਾਪਸ ਜਾਣ ਸਮੇਂ ਉਹਨਾਂ ਨੂੰ ਮਿਲਣ ਜਾਂਦਾ ਸੀ। ਇਸ ਤਰ੍ਹਾਂ ਇੱਕ ਵੱਡੀ ਭੈਣ ਅਤੇ ਛੋਟੇ ਭਰਾ ਦੇ ਰੂਪ ਵਿੱਚ ਪ੍ਰੇਮ ਭਾਵ ਬਣਿਆ ਰਿਹਾ।

ਜਦੋਂ ਮਾਰਚ 2018 ਵਿੱਚ ਮੈਨੂੰ ਸੰਤ ਨਿਰੰਕਾਰੀ ਮੰਡਲ ਵਿੱਚ ਸਤਿਗੁਰੂ ਵੱਲੋਂ ਫਰੀਦਕੋਟ ਬਰਾਂਚ ਦਾ ਸੰਯੋਜਕ ਨਿਯੁਕਤ ਕੀਤਾ ਗਿਆ ਤਾਂ ਇਹ ਪਿਆਰ ਨਿਰੋਲ ਅਧਿਆਤਮਿਕ ਰੂਪ ਲੈ ਗਿਆ। ਇੱਕ ਵਾਰ ਭੈਣ ਜੀ ਜਦੋਂ ਕਨੇਡਾ ਤੋਂ ਇੰਡੀਆ ਆਏ ਤਾਂ ਇੱਕ ਦੋ ਦਿਨਾਂ ਬਾਅਦ ਮੈਂ ਉਹਨਾਂ ਨੂੰ ਮਿਲਣ ਗਿਆ। ਉਨੀ ਦਿਨੀ ਭੈਣ ਜੀ ਆਮ ਤੌਰ ਤੇ ਹੀ ਮੇਰੇ ਕੋਲ ਅਸ਼ੀਰਵਾਦ ਦੀ ਕਾਮਨਾ ਕਰਦੇ ਭਾਵੇਂ ਕਿ ਉਮਰ ਵਿੱਚ ਮੈਥੋਂ ਤਕਰੀਬਨ 15 ਸਾਲ ਵੱਡੇ ਹਨ । ਇਕ ਦਿਨ ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ ਰਹੀ ਜਦੋਂ ਭੈਣ ਜੀ ਨੇ ਮੈਨੂੰ 500 ਕਨੇਡੀਅਨ ਡਾਲਰ ਨਮਸਕਾਰ ਕੀਤੇ । ਇਸ ਰਕਮ ਨੂੰ ਮੈਂ ਰੁਪਇਆ ਵਿੱਚ ਕਨਵਰਟ ਕਰਵਾ ਕੇ ਕੋਟ ਕਪੂਰਾ ਅਤੇ ਫਰੀਦਕੋਟ ਵਿਖੇ ਨਮਸਕਾਰ ਵਿੱਚ ਪਾਇਆ।

ਪਾਠਕਾਂ ਨੂੰ ਵੀ ਇਹ ਗੱਲ ਪੜ੍ਹ ਕੇ ਅਚੰਬਾ ਹੀ ਹੋਵੇਗਾ, ਪਰ ਜਦੋਂ ਸਤਿਗੁਰੂ ਦੀ ਕਿਰਪਾ ਨਾਲ ਇਨਸਾਨ ਨੂੰ ਇਹ ਗੱਲ ਸਮਝ ਆ ਜਾਂਦੀ ਹੈ ਕਿ ਅਸਲ ਵਿੱਚ ਅਸੀਂ ਇੱਕ ਸਰੀਰ ਹੀ ਨਹੀਂ ਬਲਕਿ ਪਰਮ ਪਿਤਾ ਪਰਮਾਤਮਾ ਦਾ ਅੰਸ਼ ਹਾਂ ਅਤੇ ਇਹ ਜੋ ਇਕ ਦੂਜੇ ਨੂੰ ਨਮਸਕਾਰ ਕਰਦੇ

ਹਾਂ ਇਹ ਸਰੀਰ ਨੂੰ ਨਹੀਂ ਸਗੋਂ ਸਰੀਰ ਅੰਦਰ ਜੋ ਪਰਮਾਤਮਾ ਦੀ ਅੰਸ਼ ਹੈ, ਜੋਤ ਹੈ, ਉਸਨੂੰ ਨਮਸਕਾਰ ਹੈ।

" ਹਮ ਤੋਂ ਪੁਜਾਰੀ ਹੈ ਰੋਸ਼ਨੀ ਕੇ

ਦੁਨੀਆ ਸਮਝੇ ਦੀਯਾ ਪੂਜਤੇ ਹੈਂ "

ਇਸ ਤਰ੍ਹਾਂ ਆਮ ਤਜਰਬੇ ਰੂਹਾਨੀ ਤਜਰਬੇ ਬਣ ਜਾਂਦੇ ਹਨ।

# 6. ਗਿਆਨ ਪ੍ਰਾਪਤੀ ਤੋਂ ਬਾਅਦ ਦਾ ਜੀਵਨ

" ਸਤਿਗੁਰੂ ਦਾਤਾ ਦਰ ਆਇਆਂ ਦੀ, ਝੋਲੀ ਛਿਨ ਵਿੱਚ ਭਰ ਸਕਦਾ ਹੈ
ਅੱਖਾਂ ਤੋਂ ਝੱਟ ਪੜਦਾ ਲਾਹ ਕੇ, ਨੂਰੀ ਚਾਨਣ ਕਰ ਸਕਦਾ ਹੈ "

ਜਦੋਂ ਮੈਨੂੰ ਗਿਆਨ ਦੀ ਪ੍ਰਾਪਤੀ ਹੋਈ ਤਾਂ ਮੇਰੇ ਮਨ ਦੀ ਅਵਸਥਾ ਇਸ ਤਰ੍ਹਾਂ ਹੋ ਗਈ ਕਿ ਮੈਨੂੰ ਇਉਂ ਜਾਪੇ ਕਿ ਨਿਰਾਕਾਰ ਪਰਮਾਤਮਾ ਮੇਰੇ ਚਾਰੇ ਪਾਸੇ ਹੈ। ਮੈਂ ਬਰਗਾੜੀ ਤੋਂ ਫਰੀਦਕੋਟ ਆਉਣ ਵਾਲੀ ਬੱਸ ਵਿੱਚ ਬੈਠਾ ਤਾਂ ਮਹਿਸੂਸ ਹੋਇਆ ਕਿ ਬਸ ਵੀ ਨਿਰਾਕਾਰ ਵਿੱਚ ਚੱਲ ਰਹੀ ਹੈ। ਮੈਨੂੰ ਇਹ ਮਹਿਸੂਸ ਹੋਇਆ ਕਿ ਹਵਾਈ ਜਹਾਜ਼ ਧਰਤੀ ਸੂਰਜ ਚੰਦ ਸਿਤਾਰੇ ਸਭ ਕੁਝ ਹੀ ਨਿਰਾਕਾਰ ਵਿੱਚ ਇਸ ਦੇ ਹੁਕਮ ਅਨੁਸਾਰ ਚੱਲ ਰਿਹਾ ਹੈ। ਇੱਥੇ ਮੈਨੂੰ ਪਵਿੱਤਰ ਗੁਰਬਾਣੀ ਦਾ ਇਹ ਸ਼ਬਦ ਯਾਦ ਆਇਆ:

" ਭੈ ਵਿਚ ਪਵਨ ਵਹੈ ਸਦਵਾਉ ਭੈ ਵਿਚਿ ਚਲੈ ਲਖ ਦਰਿਆਉ। "

*(ਰਾਗ ਆਸਾ, ਅੰਗ 464)*

ਜੇ ਅਸੀਂ ਗਿਆਨ ਦੀ ਦ੍ਰਿਸ਼ਟੀ ਨਾਲ ਦੇਖੀਏ ਤਾਂ ਜੋ ਖੰਡ ਬ੍ਰਹਮੰਡ ਹਨ ਇਹ ਨਿਰਾਕਾਰ ਪਰਮਾਤਮਾ ਦਾ ਸਾਇੰਸਦਾਨ ਸਮਝਦੇ ਹਨ ਕਿ ਅੰਸ਼ ਮਾਤਰ ਤੋਂ ਵੀ ਘਟ ਹੈ। ਅਸੀਂ ਆਪਣੇ ਆਲੇ ਦੁਆਲੇ ਵੀ ਨਿਗਾਹ ਮਾਰੀਏ ਤਾਂ ਵੇਖ ਸਕਦੇ ਹਾਂ ਕਿ ਇਹ ਪਰਮ ਸੱਤਾ ਕਣ ਕਣ ਦੇ ਵਿੱਚ ਸਮਾਈ ਹੋਈ ਹੈ, ਬਲਕਿ ਕਣ ਕਣ ਹੀ ਪਰਮਾਤਮਾ ਵਿੱਚ ਹੈ।

" ਜਿਮੀ ਜਮਾ ਕੇ ਬਿਖੇ ਸਮਸਤ ਏਕ ਜੋਤ ਹੈ

ਨ ਘਾਟ ਹੈ ਨ ਬਾਢ ਹੈ ਨਾ ਘਾਟ ਬਾਢ ਹੋਤ ਹੈ। "

*(ਅਕਾਲ ਉਸਤਤਿ)*

ਤੋਤੇ ਵਾਲਾ:-

ਉਸ ਸਮੇਂ ਮੈਂ ਜਲੰਧਰ ਵਿਖੇ ਸਰਕਾਰੀ ਨੌਕਰੀ ਕਰਦਾ ਸੀ ਅਤੇ ਬਹੁਤ ਸਾਰੇ ਮਹਾਂਪੁਰਸ਼ਾਂ ਨਾਲ ਮੇਰਾ ਮੇਲ ਜੋਲ ਹੋਇਆ। ਮੇਰੇ ਦਫਤਰ ਵਿੱਚ ਵੀ ਦੋ ਤਿੰਨ ਮਹਾਂਪੁਰਸ਼ ਸਨ, ਉਹ ਮੈਨੂੰ ਬੇਹਦ ਪਿਆਰ ਤੇ ਸਤਿਕਾਰ ਦਿੰਦੇ। ਇੱਕ ਦਿਨ ਲੰਚ ਬਰੇਕ ਵਿੱਚ ਅਸੀਂ ਦਫਤਰ ਦੇ ਨੇੜੇ ਮਾਰਕੀਟ ਵਿੱਚ ਘੁੰਮ ਰਹੇ ਸੀ। ਅਸੀਂ ਵੇਖਿਆ ਕਿ ਇੱਕ ਤੋਤੇ ਵਾਲਾ ਤੋਤੇ ਨੂੰ ਪਿੰਜਰੇ ਵਿੱਚ ਰੱਖੀ ਬੈਠਾ ਸੀ ਅਤੇ ਪਿੰਜਰੇ ਦੇ ਬਾਹਰ ਕੁਝ ਪਰਚੀਆਂ ਰੱਖੀਆਂ ਸਨ। ਤੋਤੇ ਵਾਲੇ ਨੇ ਕਿਹਾ ਕਿ ਜੇ ਕੋਈ ਆਪਣੀ ਕਿਸਮਤ ਜਾਣਨਾ ਚਾਹੁੰਦਾ ਹੈ, ਉਹ ਇੱਕ ਰੁਪਈਆ ਪਿੰਜਰੇ ਦੇ ਬਾਹਰ ਰੱਖੇ।

ਤੋਤਾ ਪਿੰਜਰੇ ਤੋਂ ਬਾਹਰ ਆ ਕੇ ਇੱਕ ਪਰਚੀ ਕੱਢੇਗਾ, ਜਿਸ ਉੱਪਰ ਉਸ ਵਿਅਕਤੀ ਦੀ ਕਿਸਮਤ ਲਿਖੀ ਹੋਵੇਗੀ। ਬਹੁਤ ਸਾਰੇ ਲੋਕਾਂ ਨੇ ਪੈਸੇ ਰੱਖੇ ਅਤੇ ਤੋਤੇ ਨੇ ਉਹਨਾਂ ਦੀ ਕਿਸਮਤ ਵਾਲੀ ਪਰਚੀ ਕੱਢੀ। ਸਾਥੀ ਮਹਾਂਪੁਰਸ਼ ਮੈਨੂੰ ਕਹਿਣ ਲੱਗੇ ਕਿ ਭਾਈ ਸਾਹਿਬ ਜੀ ਤੁਸੀਂ ਵੀ ਪੈਸੇ ਰੱਖੋ ਅਤੇ ਆਪਣੀ ਕਿਸਮਤ ਜਾਣੋ। ਮੈਂ ਕਿਹਾ ਕਿ ਮੈਨੂੰ ਇਹਨਾਂ ਗੱਲਾਂ ਵਿੱਚ ਬਿਲਕੁਲ ਵੀ ਵਿਸ਼ਵਾਸ ਨਹੀਂ, ਸਤਿਗੁਰੂ ਨੇ ਮੇਰੀ ਕਿਸਮਤ ਬਹੁਤ ਵਧੀਆ ਲਿਖੀ ਹੈ। ਇਹ ਕਹਿਣ ਤੇ ਇੱਕ ਮਹਾਂਪੁਰਸ਼ ਭਾਈ ਸਾਹਿਬ ਰਾਮ ਚੰਦਰ ਜੀ ਨੇ ਆਪਣੀ ਜੇਬ ਵਿੱਚੋਂ ਪੈਸੇ ਕੱਢੇ ਅਤੇ ਮੇਰੇ ਨਾਮ ਦੀ ਪਰਚੀ ਪਿੰਜਰੇ ਅੱਗੇ ਰੱਖ ਦਿੱਤੀ। ਤੋਤੇ ਵਾਲੇ ਨੇ ਤੋਤੇ ਨੂੰ ਮੇਰੇ ਨਾਮ ਦੀ ਪਰਚੀ ਕੱਢਣ ਲਈ ਇਸ਼ਾਰਾ ਕੀਤਾ ਲੇਕਿਨ ਤੋਤਾ ਬਾਹਰ ਨਹੀਂ ਨਿਕਲਿਆ। ਰਾਮ ਚੰਦਰ ਜੀ ਤੋਤੇ ਵਾਲੇ ਨੂੰ ਕਹਿਣ ਲੱਗੇ ਕਿ ਜਾਂ ਤਾਂ ਇਸ ਨਾਮ ਦੀ ਪਰਚੀ ਕਢਵਾਓ ਨਹੀਂ ਤਾਂ ਸਾਡੇ ਪੈਸੇ ਵਾਪਸ ਕਰੋ।ਤੋਤੇ ਵਾਲੇ ਨੇ ਇੱਕ ਛੋਟੀ ਜਿਹੀ ਲੱਕੜ ਨਾਲ ਤੋਤੇ ਨੂੰ ਪਰਚੀ ਕੱਢਣ ਲਈ ਮਜਬੂਰ ਕੀਤਾ ਪਰ ਤੋਤਾ ਖੰਭ ਫੜਫੜਾ ਕੇ ਪਿੰਜਰੇ ਵਿੱਚ ਹੀ ਬੈਠਾ ਰਿਹਾ। ਇਸ ਤੇ ਤੋਤੇ ਵਾਲੇ ਨੇ ਕਿਹਾ ਕਿ ਜਿਸ ਦਾ ਨਾਮ ਤੁਸੀਂ ਪਰਚੀ ਕੱਢਣ ਵਾਸਤੇ ਲਿਖਿਆ ਹੈ ਉਹ ਸਮੇਂ ਦੇ ਪੂਰਨ ਸਤਿਗੁਰ ਦਾ ਗੁਰਸਿੱਖ ਹੈ ਅਤੇ ਉਸਦੇ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਹੈ। ਫਿਰ ਮੈਂ ਇਹ ਕਹਾਣੀ ਟਾਈਪ ਕਰਕੇ ਦਿੱਲੀ ਵਿਖੇ ਭੇਜੀ ਅਤੇ ਸੰਤ ਨਿਰੰਕਾਰੀ ਪੰਜਾਬੀ ਰਸਾਲੇ ਵਿੱਚ ਛਪੀ। ਇਹ ਸਤਿਗੁਰ ਦੀ ਵਡਿਆਈ ਦੀ ਇੱਕ ਉਦਾਹਰਨ ਹੈ।

ਮੈਂ ਅਕਸਰ ਹੀ ਸਤਿਸੰਗ ਭਵਨ ਜਲੰਧਰ ਵਿਖੇ ਸਤਿਸੰਗ ਤੇ ਜਾਣ ਲੱਗ ਪਿਆ ਅਤੇ ਉੱਥੇ ਭੂਆ ਚਰਨਜੀਤ ਜੀ ਜੋ ਬਾਬਾ ਹਰਦੇਵ ਸਿੰਘ ਜੀ ਦੇ ਭੂਆ ਜੀ ਸਨ ਉਹਨਾਂ ਤੋਂ ਆਸ਼ੀਰਵਾਦ ਲਿਆ। ਕੁਝ ਦਿਨਾਂ ਬਾਅਦ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਜਲੰਧਰ ਆਗਮਨ ਦੀ ਸੂਚਨਾ ਪ੍ਰਾਪਤ ਹੋਈ। ਸਾਰੀ ਸੰਗਤ ਵਿੱਚ ਉਤਸ਼ਾਹ ਦੀ ਲਹਿਰ ਦੌੜ ਗਈ ਅਤੇ ਭਵਨ ਦੀ ਸਾਫ ਸਫਾਈ ਦਾ ਕੰਮ ਸ਼ੁਰੂ ਹੋ ਗਿਆ। ਜਲੰਧਰ ਭਵਨ ਦੇ ਹਾਲ ਦੀਆਂ ਖਿੜਕੀਆਂ ਨੂੰ ਲੋਹੇ ਦੇ ਫਰੇਮ ਲੱਗੇ ਸਨ ਅਤੇ ਉਨਾਂ ਤੋਂ ਜੰਗਾਲ ਲਾਹੁਣ ਵਾਸਤੇ ਸੇਵਾਦਲ ਦੇ ਜਵਾਨ ਰੇਗਮਾਰ ਨਾਲ ਰਗੜਾਈ ਕਰ ਰਹੇ ਸਨ। ਮੈਂ ਵੀ ਇੱਕ ਰੇਗਮਾਰ ਲੈ ਕੇ ਰਗੜਾਈ ਦਾ ਕੰਮ ਸ਼ੁਰੂ ਕਰ ਦਿੱਤਾ। ਦੋ ਘੰਟਿਆਂ ਬਾਅਦ ਮੇਰੀ ਉਂਗਲਾਂ ਦੇ ਪੋਟਿਆਂ ਵਿੱਚੋਂ ਥੋੜਾ ਥੋੜਾ ਖੂਨ ਰਿਸਣ ਲੱਗ ਪਿਆ।ਇਤਫਾਕ ਨਾਲ ਭੂਆ ਚਰਨਜੀਤ ਜੀ ਮੇਰੇ ਕੋਲ ਆਏ ਅਤੇ ਕਿਹਾ ਮੇਰੇ ਨਾਲ ਆਓ ਤੁਹਾਨੂੰ ਬਾਬਾ ਜੀ ਨੇ ਜਿੱਥੇ ਠਹਿਰਨਾ ਹੈ ਉਸ ਕਮਰੇ ਦੀ ਸਫਾਈ ਦੀ ਸੇਵਾ ਦਿੱਤੀ ਜਾਂਦੀ ਹੈ।ਨਾਲ ਹੀ ਉਹਨਾਂ ਨੇ ਚਾਰ ਜਵਾਨਾਂ ਨੂੰ ਆਦੇਸ਼ ਕੀਤਾ ਕਿ ਤੁਸੀਂ ਇਸ ਭਾਈ ਸਾਹਿਬ ਦੀ ਅਗਵਾਈ ਵਿੱਚ ਕਮਰੇ ਦੀ ਸਫਾਈ ਕਰਨੀ ਹੈ ਅਤੇ ਸਿਕਿਉਰਿਟੀ ਦੀ ਡਿਊਟੀ ਵੀ ਦੇਣੀ ਹੈ।ਜਦੋਂ ਅਗਲੇ ਦਿਨ ਸਤਿਗੁਰੂ ਬਾਬਾ ਜੀ ਉਸ ਕਮਰੇ ਵਿੱਚ ਆਏ ਤਾਂ ਉਨਾਂ ਦੇ ਦਰਸ਼ਨ ਕਰਕੇ ਮੇਰੀ ਖੁਸ਼ੀ ਦਾ ਕੋਈ ਠਿਕਾਨਾ ਨਾ ਰਿਹਾ।

# 7. ਚਰਨਜੀਤ ਭੂਆ ਜੀ ਦੀ ਕਾਰ

ਇੱਕ ਵਾਰ ਭੂਆ ਚਰਨਜੀਤ ਜੀ ਜਲੰਧਰ ਵਾਲੇ ਫਰੀਦਕੋਟ ਵਿਖੇ ਪ੍ਰਚਾਰ ਦੌਰੇ ਤੇ ਆਏ। ਮੇਰਾ ਧਿਆਨ ਬਣਿਆ ਕਿ ਭੂਆ ਜੀ ਨੂੰ ਘਰ ਬੁਲਾ ਕੇ ਚਾਹ ਪਾਣੀ ਦੀ ਸੇਵਾ ਕੀਤੀ ਜਾਵੇ ਅਤੇ ਚਰਨ ਪਰਸੇ ਜਾਣ। ਉਹ ਜਦੋਂ ਆ ਹੀ ਰਹੇ ਸਨ ਤਾਂ ਭਾਈ ਸਾਹਿਬ ਗੁਰਬਚਨ ਸਿੰਘ ਜੀ ਜੋ ਡਰਾਈਵਰ ਮਹਾਤਮਾ ਸਨ ਉਹਨਾਂ ਦਾ ਫੋਨ ਆਇਆ ਕਿ ਭੂਆ ਜੀ ਦੀ ਕਾਰ ਖੇਤੀਬਾੜੀ ਦਫਤਰ ਪਾਸ ਖਰਾਬ ਹੋ ਗਈ ਹੈ। ਮੈਂ ਤੁਰੰਤ ਹੀ ਇੱਕ ਕਾਰ ਭੂਆ ਜੀ ਨੂੰ ਲੈਣ ਲਈ ਭੇਜ ਦਿੱਤੀ ਅਤੇ ਨਾਲ ਹੀ ਭਾਈ ਸਾਹਿਬ ਭਗਵਾਨ ਸਿੰਘ ਅਤੇ ਭਜਨ ਸਿੰਘ ਨੂੰ ਫੋਨ ਕੀਤਾ ਕਿ ਮੇਰੇ ਦਫਤਰ ਪਾਸ ਭੂਆ ਜੀ ਦੀ ਕਾਰ ਖੜੀ ਹੈ ਜਲਦੀ ਜਾ ਕੇ ਮੁਰੰਮਤ ਕਰਵਾਓ। ਜਦੋਂ ਕੁਝ ਦੇਰ ਬਾਅਦ ਮੈਂ ਗੁਰਬਚਨ ਸਿੰਘ ਜੀ ਨੂੰ ਕਾਰ ਦੀ ਮੁਰੰਮਤ ਬਾਰੇ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਇੱਕ ਖਾਲਸਾ ਟਰੈਕਟਰ ਲੈ ਕੇ ਆਇਆ ਹੈ ਅਤੇ ਅਸੀਂ ਕਾਰ ਨੂੰ ਟੋਚਣ ਕਰਕੇ ਵਰਕਸ਼ਾਪ ਤੇ ਲਿਜਾ ਰਹੇ ਹਾਂ।ਅਸੀਂ ਸਾਰੇ ਹੀ ਪਰਿਵਾਰ ਨੇ ਭੂਆ ਜੀ ਦਾ ਸਵਾਗਤ ਕੀਤਾ ਚਾਹ ਪਾਣੀ ਦੀ ਸੇਵਾ ਨਾਲ ਨਮਸਕਾਰ ਕੀਤੀ ਅਤੇ ਆਪਣੀ ਕਾਰ ਵਿੱਚ ਬਿਠਾ ਕੇ ਸਤਿਸੰਗ ਤੇ ਲੈ ਗਏ।

ਸਤਿਸੰਗ ਦਾ ਪ੍ਰੋਗਰਾਮ ਸ਼ਾਮ ਨੂੰ 6 ਤੋਂ 8 ਵਜੇ ਸੀ।ਉੱਥੇ ਜਦੋਂ ਮੈਂ ਭਜਨ ਸਿੰਘ ਜੀ ਸੇਵਾਦਾਰ ਮੈਂਬਰ ਨੂੰ ਕਿਹਾ ਕਿ ਤੁਸੀਂ ਬਹੁਤ ਕਿਰਪਾ ਕੀਤੀ ਭੂਆ ਜੀ ਦੀ ਕਾਰ ਠੀਕ ਕਰਵਾਈ। ਉਸ ਨੇ ਦੱਸਿਆ ਕਿ ਇਹ ਕਾਰ ਤਾਂ ਤੁਹਾਡੇ ਦੋਸਤ ਭਜਨ ਸਿੰਘ ਖਾਲਸਾ ਨੇ ਠੀਕ ਕਰਵਾਈ ਹੈ ਜੋ ਕਿ ਸਿਵਲ ਸਰਜਨ ਫਰੀਦਕੋਟ ਵਿਖੇ ਸੁਪਰਡੈਂਟ ਹੈ।ਦਰਅਸਲ ਜਦੋਂ ਮੈਂ ਭਜਨ ਸਿੰਘ ਸੇਵਾ ਦਲ ਮੈਂਬਰ ਨੂੰ ਫੋਨ ਕਰਨਾ ਚਾਹੁੰਦਾ ਸੀ ਤਾਂ ਫੋਨ ਮੇਰੇ ਦੋਸਤ ਭਜਨ ਸਿੰਘ ਖਾਲਸਾ ਨੂੰ ਲੱਗ ਗਿਆ। ਜਦੋਂ ਮੈਂ ਫੋਨ ਲਗਾਇਆ ਸੀ ਤਾਂ ਮੈਂ ਉਸਨੂੰ ਪੁੱਛਿਆ ਭਜਨ ਸਿੰਘ ਜੀ ਕੀ ਕਰ ਰਹੇ ਹੋ ਤਾਂ ਉਸਨੇ ਕਿਹਾ ਕਿ ਹੁਣੇ ਚੰਡੀਗੜ੍ਹ ਤੋਂ ਵਾਪਸ ਆਇਆ ਹਾਂ, ਚਾਹ ਪੀ ਰਿਹਾ ਹਾਂ। ਮੈਂ ਕਿਹਾ ਕਿ ਮੇਰੇ ਵੀਰ ਜਲਦੀ ਕਰੋ ਭੂਆ ਜੀ ਦੀ ਕਾਰ ਖਰਾਬ ਹੋ ਗਈ ਹੈ ਅਤੇ ਮੇਰੇ ਦਫਤਰ ਪਾਸ ਖੜੀ ਹੈ, ਜਾ ਕੇ ਉਸਦੀ ਮੁਰੰਮਤ ਕਰਵਾਓ।

ਇਸ ਤਰ੍ਹਾਂ ਸਤਿਗੁਰੂ ਦੀ ਕਿਰਪਾ ਨਾਲ ਸੇਵਾ ਦਾ ਫਲ ਭਜਨ ਸਿੰਘ ਖਾਲਸਾ ਦੇ ਹਿੱਸੇ ਆਇਆ। ਕੁਝ ਦਿਨਾਂ ਬਾਅਦ ਮੈਂ ਐਕਸਿਸ ਬੈਂਕ ਗਿਆ ਅਤੇ ਭਜਨ ਸਿੰਘ ਖਾਲਸਾ ਆਪਣੇ ਲੜਕੇ ਸਮੇਤ ਮੈਨੂੰ ਮਿਲਿਆ ਅਤੇ ਦੱਸਿਆ ਕਿ ਮੇਰੇ ਲੜਕੇ ਦਾ ਕਨੇਡਾ ਦਾ ਵੀਜ਼ਾ ਲੱਗਾ ਹੈ ਅਤੇ ਮੈਂ ਬੈਂਕ ਵਿੱਚ ਡਾਲਰ ਐਕਸਚੇਂਜ ਕਰਾਉਣ ਲਈ ਆਇਆ ਹਾਂ। ਇੱਥੇ ਬੈਂਕ ਵਿੱਚ ਕਮਿਸ਼ਨ ਲੈਂਦੇ ਹਨ ਅਤੇ ਰੇਟ ਵੀ ਬਹੁਤ ਜ਼ਿਆਦਾ। ਮੈਂ ਆਪਣੇ ਇੱਕ ਦੋਸਤ ਜੋ ਕਿ ਕੋਟਕਪੂਰੇ ਵਿਖੇ ਮਨੀ ਐਕਸਚੇਂਜ ਦਾ ਕੰਮ ਕਰਦਾ ਸੀ; ਉਸ ਨੂੰ ਫੋਨ ਕਰਕੇ ਉੱਥੇ ਭਜਨ ਸਿੰਘ ਨੂੰ ਭੇਜਿਆ। ਇਸ

ਟਰਾਂਜੈਕਸ਼ਨ ਵਿੱਚ ਭਜਨ ਸਿੰਘ ਖਾਲਸਾ ਦੇ ਬਹੁਤ ਪੈਸੇ ਬਚ ਗਏ ਅਤੇ ਉਸ ਨੇ ਫੋਨ ਕਰਕੇ ਮੈਨੂੰ ਧੰਨਵਾਦ ਕੀਤਾ ਅਤੇ ਇਹ ਗੱਲ ਦੱਸੀ। ਇਸ ਘਟਨਾ ਤੋਂ ਸਾਨੂੰ ਇਹ ਪ੍ਰੇਰਨਾ ਮਿਲਦੀ ਹੈ ਕਿ ਜੋ ਵਿਅਕਤੀ ਜਾਣੇ ਅਣਜਾਣੇ ਵਿੱਚ ਵੀ ਸਤਿਗੁਰ ਦੇ ਮਹਾਨ ਗੁਰਸਿੱਖਾਂ ਦੀ ਸੇਵਾ ਕਰਦਾ ਹੈ ਉਸ ਨੂੰ ਲੋਕ ਪਰਲੋਕ ਦੇ ਸਾਰੇ ਸੁੱਖ ਮਿਲਦੇ ਹਨ।

# 8. ਸੰਗਤਾਂ ਦਾ ਸਿਲਸਿਲਾ

ਜਦੋਂ ਮੈਂ ਅਪ੍ਰੈਲ 1981 ਵਿੱਚ ਜਲੰਧਰ ਤੋਂ ਬਦਲੀ ਕਰਾ ਕੇ ਫਰੀਦਕੋਟ ਆਇਆ ਤਾਂ ਬਾਈ ਹਰਬੰਸ ਸਿੰਘ ਨਾਲ ਰਾਏ ਕੀਤੀ ਕਿ ਆਪਾਂ ਘਰ ਵਿੱਚ ਮਹੀਨੇ ਵਿੱਚ ਇੱਕ ਵਾਰ ਸਤਸੰਗ ਕਰਵਾਇਆ ਕਰੀਏ। ਸਾਰਾ ਹੀ ਪਰਿਵਾਰ ਬੇਬੇ ਜੀ ਬਾਪੂ ਜੀ ਸਮੇਤ ਖੁਸ਼ੀ ਖੁਸ਼ੀ ਇਸ ਗੱਲ ਨਾਲ ਸਹਿਮਤ ਹੋ ਗਏ। ਜਦੋਂ ਮੈਂ ਕੋਟਕਪੂਰੇ ਗਿਆਨੀ ਜੀ ਨੂੰ ਮਿਲਦਾ ਅਤੇ ਸੰਗਤ ਬਾਰੇ ਬੇਨਤੀ ਕਰਦੇ ਤਾਂ ਉਹ ਕਹਿੰਦੇ, "ਬੱਚੂ, ਮੇਰੀ ਡਾਇਰੀ ਵਿੱਚ ਦੇਖ ਕੇ ਕੋਈ ਤਰੀਕ ਆਪਣੇ ਪਿੰਡ ਦੀ ਸੰਗਤ ਲਿਖ ਲਓ"। ਗਿਆਨੀ ਜੀ ਸੱਤ ਅੱਠ ਮਹਾਂਪੁਰਖਾਂ ਸਮੇਤ ਪਿੰਡ ਸੁੱਖਣ ਵਾਲਾ ਵਿਖੇ ਸੰਗਤ ਲਈ ਆਉਣ ਦੀ ਕਿਰਪਾ ਕਰਦੇ ਅਤੇ ਰਾਤ ਵੀ ਉੱਥੇ ਹੀ ਠਹਿਰਦੇ। ਅਸੀਂ ਦੋਵੇਂ ਭਰਾ ਸਾਈਕਲਾਂ ਉੱਪਰ ਫਰੀਦਕੋਟ ਜਾਂਦੇ, ਉੱਥੋਂ ਫਲ ਸਬਜ਼ੀ ਅਤੇ ਹੋਰ ਲੋੜੀ ਦਾ ਸਮਾਨ, ਲਾਊਡ ਸਪੀਕਰ ਦਾ ਸਮਾਨ ਵੀ ਸਾਈਕਲ ਤੇ ਹੀ ਲੈ ਕੇ ਆਉਂਦੇ। ਘਰ ਵਿੱਚ ਕੋਠੇ ਤੇ ਦੋ ਮੰਜੇ ਰੱਖ ਕੇ ਉਹਨਾਂ ਵਿੱਚ ਸਪੀਕਰ ਲਾ ਕੇ ਜਦੋਂ ਸੰਗਤ ਦੀ ਆਵਾਜ਼ ਦਿੰਦੇ ਤਾਂ ਬਹੁਤ ਸਾਰੇ ਨਗਰ ਨਿਵਾਸੀ ਬਹੁਤ ਹੀ ਉਤਸਾਹ ਨਾਲ ਸੰਗਤ ਤੇ ਆਉਂਦੇ ਅਤੇ ਕਹਿੰਦੇ ਕਿ ਸੰਗਤ ਵਿੱਚ ਗਿਆਨੀ ਜੀ ਜੋ ਵਿਚਾਰ ਕਰਦੇ

ਹਨ ਇਸ ਤਰ੍ਹਾਂ ਦੀਆਂ ਵਿਚਾਰਾਂ ਤਾਂ ਅਸੀਂ ਜ਼ਿੰਦਗੀ ਭਰ ਨਹੀਂ ਸੁਣੀਆਂ। ਕਈ ਪਰਿਵਾਰ ਤਾਂ ਵਾਰ ਵਾਰ ਆ ਕੇ ਪੁੱਛਦੇ ਕਿ ਹੁਣ ਸੰਗਤ ਕਦੋਂ ਹੋਣੀ ਹੈ। ਇਹ ਸੰਗਤਾਂ ਗਿਆਨੀ ਜੋਗਿੰਦਰ ਸਿੰਘ ਜੀ ਤੋਂ ਇਲਾਵਾ ਭਾਈ ਸਾਹਿਬ ਗੋਰਾ ਲਾਲ ਜੀ ਜਲਾਲ ਵਾਲੇ ਅਤੇ ਆਤਮਾ ਸਿੰਘ ਜੀ ਅਨਭੋਲ ਦੀ ਹਜ਼ੂਰੀ ਵਿੱਚ ਵੀ ਹੁੰਦੀਆਂ। ਇਹ ਸਾਰੇ ਮਹਾਤਮਾ ਹੀ ਗੁਰਬਾਣੀ ਵਿੱਚ ਬੜੇ ਪਰਪੱਕ ਸਨ ਅਤੇ ਲੋਕਾਂ ਦੇ ਮਨ ਤੇ ਬਹੁਤ ਹੀ ਪ੍ਰਭਾਵ ਛੱਡਦੇ ਸਨ। ਟੇਕ ਸਿੰਘ ਸੁੱਖਣ ਵਾਲਾ ਜੋ ਕਿ ਅੱਜ ਕੱਲ ਪਰਿਵਾਰ ਸਮੇਤ ਸੰਗਤ ਵਿੱਚ ਅਨੇਕ ਸੇਵਾਵਾਂ ਨਿਭਾ ਰਿਹਾ ਹੈ ਇਹ ਵੀ ਆਪਣੇ ਦਾਦਾ ਜੀ ਬਾਈ ਗੱਜਣ ਸਿੰਘ ਦੀ ਉਂਗਲ ਫੜ ਕੇ ਬਹੁਤ ਹੀ ਛੋਟੀ ਉਮਰ ਵਿੱਚ ਸੰਗਤ ਵਿੱਚ ਆਇਆ ਕਰਦਾ ਸੀ। ਇੱਕ ਦਿਨ ਜਦੋਂ ਗਿਆਨੀ ਜੋਗਿੰਦਰ ਸਿੰਘ ਜੀ ਸੰਗਤ ਤੇ ਆਏ ਤਾਂ ਉਹਨਾਂ ਨੇ ਮੇਰੇ ਬਾਪੂ ਜੀ ਅਤੇ ਬੇਬੇ ਜੀ ਨਾਲ ਮਾਤਾ ਮੀਰਾਂ ਜੀ ਅਤੇ ਸ੍ਰੀ ਵੀਰ ਸਿੰਘ ਕੋਟਕਪੂਰੇ ਵਾਲੇ ਦੀ ਸਪੁੱਤਰੀ ਨਾਲ ਰਿਸ਼ਤੇ ਬਾਰੇ ਗੱਲ ਕੀਤੀ। ਜਿਸ ਨੂੰ ਮੇਰੇ ਮਾਤਾ ਪਿਤਾ ਨੇ ਖੁਸ਼ੀ ਖੁਸ਼ੀ ਸਵੀਕਾਰ ਕੀਤਾ। 1982 ਵਿੱਚ ਵਿਆਹ ਤੋਂ ਬਾਅਦ ਅਸੀਂ ਫਰੀਦਕੋਟ ਵਿਖੇ ਰਿਹਾਇਸ਼ ਰੱਖ ਲਈ ਅਤੇ ਫਰੀਦਕੋਟ ਦੀ ਸੰਗਤ ਨਾਲ ਤਾਲਮੇਲ ਪੈਦਾ ਹੋਇਆ।

# 9. ਪਰਿਵਾਰਿਕ ਜੀਵਨ: ਸ਼ੁਕਰਾਨਾ ਸਟੋਰੀ

ਮੇਰੀ ਸ਼ਾਦੀ 1982 ਵਿੱਚ ਮਹਾਨ ਗੁਰਸਿੱਖ ਗਿਆਨੀ ਜੋਗਿੰਦਰ ਸਿੰਘ ਜੀ ਅਤੇ ਭੈਣ ਗੁਰਦੀਪ ਕੌਰ ਦੀ ਪ੍ਰੇਰਨਾ ਸਦਕਾ ਕਾਂਤਾ ਕੁਮਾਰੀ ਉਰਫ ਗੁਰਪਾਲ, ਪੁੱਤਰੀ ਮਾਤਾ ਮੀਰਾਂ ਜੀ ਅਤੇ ਸ੍ਰੀ ਵੀਰ ਸਿੰਘ, ਨਾਲ ਗੁਰ ਮਰਿਆਦਾ ਅਨੁਸਾਰ ਗਿਆਨੀ ਜੀ ਦੀ ਹਜ਼ੂਰੀ ਵਿੱਚ ਹੋਈ। ਸਾਡੇ ਘਰ ਸਤਿਗੁਰੂ ਦੀ ਕਿਰਪਾ ਨਾਲ ਤਿੰਨ ਅਮੋਲਕ ਹੀਰਿਆਂ ਮਨਦੀਪ, ਸਿਮਰਤ ਅਤੇ ਸਮਦੀਸ਼ ਨੇ ਜਨਮ ਲਿਆ। ਜ਼ਿੰਦਗੀ ਵਿੱਚ ਮੇਰੇ ਦੋ ਹੀ ਮਹੱਤਵਪੂਰਨ ਕੰਮ ਸਨ; ਸਤਿਸੰਗ ਕਰਨੀ ਅਤੇ ਬੱਚਿਆਂ ਨੂੰ ਉੱਚ ਤਾਲੀਮ ਦੇਣੀ। ਤਿੰਨਾਂ ਬੱਚਿਆਂ ਨੂੰ ਹੀ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਵਿਖੇ ਪੜ੍ਹ ਪਾਇਆ ਗਿਆ ਜਿੱਥੋਂ ਉਹਨਾਂ ਨੇ ਸਾਰੀਆਂ ਐਕਟੀਵਿਟੀਜ ਕਰਦੇ ਹੋਏ ਬਹੁਤ ਹੀ ਹਾਈ ਸਕੋਰਸ ਨਾਲ ਵਿੱਦਿਆ ਪ੍ਰਾਪਤ ਕੀਤੀ। ਤਿੰਨਾਂ ਬੱਚਿਆਂ ਦੀ ਪੜ੍ਹਾਈ ਅਤੇ ਪ੍ਰੋਫੈਸ਼ਨਲ ਵਿੱਦਿਆ ਦੌਰਾਨ ਜੋ ਸਤਿਗੁਰ ਨੇ ਕਿਰਪਾ ਕੀਤੀ ਉਸ ਦਾ ਵਰਣਨ ਕੁਝ ਇਸ ਤਰ੍ਹਾਂ ਹੈ।

1. ਬੇਟੀ ਮਨਦੀਪ ਨੇ ਜਦੋਂ ਕ੍ਰਿਸ਼ਚਨ ਡੈਂਟਲ ਕਾਲਜ ਲੁਧਿਆਣੇ ਤੋਂ ਬੀਡੀਐਸ (BDS) ਦੀ ਡਿਗਰੀ ਹਾਸਿਲ ਕੀਤੀ ਤਾਂ ਬਹੁਤ ਹੀ ਵਿਸ਼ਿਆਂ ਵਿੱਚੋਂ ਸਾਰੇ ਸਾਲਾਂ ਦੌਰਾਨ ਡਿਸਟਿੰਕਸ਼ਨ ਨਾਲ ਪ੍ਰੀਖਿਆ ਪਾਸ ਕੀਤੀ ਅਤੇ ਉਸ ਨੂੰ ਕਾਲਜ ਵੱਲੋਂ ਬੈਸਟ ਸਟੂਡੈਂਟ ਆਫ ਐਕਡੈਮਿਕ ਈਅਰ 2007 ਦਾ ਅਵਾਰਡ ਦਿੱਤਾ ਗਿਆ। ਜਦੋਂ ਕੋਨਵੋਕੇਸ਼ਨ ਹੋਈ ਤਾਂ ਉਹ ਇੰਟਰਨੈਸ਼ਨਲ ਪੱਧਰ ਦੇ ਡਾਕਟਰ ਦੀ ਪ੍ਰਧਾਨਗੀ ਵਿੱਚ ਹੋਈ। ਅਵਾਰਡ ਸੈਰੇਮਨੀ ਦੇ ਵਿੱਚ ਜਦੋਂ ਉਸ ਨੇ 16 ਗੋਲਡ ਮੈਡਲ ਮਨਦੀਪ ਨੂੰ ਦਿੱਤੇ ਅਤੇ ਨਾਲ ਹੀ ਕਿਹਾ, "ਦੀਸ ਆਰ ਟੂ ਹੈਵੀ ਫਰ ਯਰ ਡੈਲੀਕੇਟ ਹੈਂਡਸ" (These are too heavy for your delicate hands)। ਬੀਡੀਐਸ ਦੀ ਪੜ੍ਹਾਈ ਖਤਮ ਹੋਣ ਤੋਂ ਬਾਅਦ ਅਸੀਂ ਇਹ ਮਨ ਬਣਾਇਆ ਕਿ ਬੇਟੀ ਨੂੰ ਉੱਚ ਡਾਕਟਰੀ ਵਿਦਿਆ ਵਾਸਤੇ ਅਮਰੀਕਾ ਭੇਜਿਆ ਜਾਵੇ। ਇੱਕ ਦਿਨ ਮੈਂ ਇੱਕ ਕੈਂਪ ਅਟੈਂਡ ਕਰਨ ਗਿਆ ਜਿਸ ਵਿੱਚ ਅਮਰੀਕਾ ਦਾ ਵੀਜ਼ਾ ਲਗਾਉਣ ਲਈ ਇੱਕ ਕੰਸਲਟੈਂਟ ਨੇ ਆਪਣੇ ਵਿਚਾਰ ਰੱਖੇ। ਜਦੋਂ ਮੈਂ ਉਸ ਵੀਜ਼ਾ ਕੰਸਲਟੈਂਟ ਦੀ ਫੀਸ ਬਾਰੇ ਪੁੱਛਿਆ ਤਾਂ ਉਸ ਨੇ ਉਨਾਂ ਸਮਿਆਂ ਵਿੱਚ 50 ਹਜਾਰ ਰੁਪਏ ਦੀ ਮੰਗ ਕੀਤੀ। ਅਸੀਂ ਸਤਿਗੁਰ ਦੀ ਕਿਰਪਾ ਨਾਲ ਇਹ ਮਨ ਬਣਾਇਆ ਕਿ ਆਪਣੇ ਆਪ ਹੀ ਫੋਰਮ ਭਰ ਕੇ ਵੀਜ਼ਾ ਲਗਵਾਵਾਂਗੇ।ਕੁਝ ਲੋਕਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਆਪਣਾ ਨਾਮ ਚੇਂਜ ਕਰਵਾਓ ਅਤੇ ਸੰਧੂ ਕਾਸਟ ਨੇਮ ਲਿਖੋ। ਲੇਕਿਨ ਸਤਿਗੁਰ ਦੇ ਆਦੇਸ਼ ਅਨੁਸਾਰ ਅਸੀਂ ਇਹ ਕੰਮ ਨਹੀਂ ਕੀਤਾ ਅਤੇ ਵੀਜ਼ਾ ਅਪਲਾਈ ਕਰ ਦਿੱਤਾ।ਸਤਿਗੁਰ ਦੇ ਬਚਨ ਵਿੱਚ

ਕਿਤਨੀ ਤਾਕਤ ਹੁੰਦੀ ਹੈ ਇਸ ਦਾ ਅੰਦਾਜ਼ਾ ਉਦੋਂ ਲੱਗਿਆ ਜਦੋਂ ਅਮਰੀਕਾ ਵਿੱਚ ਪੜ੍ਹਾਈ ਕਰਨ ਜਾਣ ਲਈ ਮਨਦੀਪ ਕੌਰ ਦੇ ਨਾਮ ਹੇਠ ਹੀ ਅਮਰੀਕਾ ਦਾ ਵੀਜ਼ਾ ਪ੍ਰਾਪਤ ਹੋ ਗਿਆ। ਉਸ ਤੋਂ ਬਾਅਦ ਅਸੀਂ ਸਾਰੇ ਹੀ ਪਰਿਵਾਰ ਦੇ ਮੈਂਬਰਾਂ ਨੇ ਵੀਜ਼ਾ ਵਾਸਤੇ ਅਪਲਾਈ ਕੀਤਾ ਅਤੇ ਸਤਿਗੁਰੂ ਦੀ ਕਿਰਪਾ ਨਾਲ ਬਿਨਾਂ ਕਾਸਟ ਲਿਖੇ ਸਾਰਿਆਂ ਦੇ ਅਮਰੀਕਾ ਦੇ 10 ਸਾਲ ਦੇ ਵੀਜ਼ਾ ਲੱਗੇ। ਅੱਜ ਕੱਲ ਮਨਦੀਪ ਅਮਰੀਕਾ ਵਿਖੇ ਬਤੌਰ ਡੈਂਟਲ ਸਰਜਨ ਕੰਮ ਕਰ ਰਹੀ ਹੈ ਅਤੇ ਆਪਣੇ ਪਰਿਵਾਰ ਵਿੱਚ ਖੁਸ਼ ਹੈ।

2. ਬੇਟੀ ਸਿਮਰਤ ਜਦੋਂ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ ਤਾਂ ਉਸ ਨੇ ਨੈਸ਼ਨਲ ਟੈਲੈਂਟ ਸਰਚ ਐਗਜ਼ਾਮੀਨੇਸ਼ਨ (NTSE) ਕੌਮੀ ਪ੍ਰਤਿਭਾ ਖੋਜ ਪ੍ਰੀਖਿਆ ਦਾ ਟੈਸਟ ਦੇਣ ਦਾ ਮਨ ਬਣਾਇਆ। ਇਹ ਪ੍ਰੀਖਿਆ ਬਹੁਤ ਹੀ ਉੱਚੇ ਦਰਜੇ ਦੀ ਪ੍ਰੀਖਿਆ ਹੁੰਦੀ ਹੈ ਅਤੇ ਭਾਰਤਵਰਸ਼ ਦੇ ਕੇਵਲ ਹਜ਼ਾਰ ਵਿਦਿਆਰਥੀ ਮੈਰਿਟ ਦੇ ਆਧਾਰ ਤੇ ਚੁਣੇ ਜਾਂਦੇ ਹਨ ਜਿਨਾਂ ਨੂੰ ਬਾਕੀ ਰਹਿੰਦੀ ਪੜ੍ਹਾਈ ਦੌਰਾਨ 500 ਰੁਪਏ ਪ੍ਰਤੀ ਮਹੀਨਾ ਸਰਕਾਰ ਵੱਲੋਂ ਵਜ਼ੀਫਾ ਮਿਲਦਾ ਹੈ।ਇਸ ਵਿੱਚ ਸਤਿਗੁਰੂ ਦੀ ਕਿਰਪਾ ਦਾ ਵਰਣਨ ਇਸ ਤਰ੍ਹਾਂ ਹੈ। ਨਵੰਬਰ ਮਹੀਨੇ ਵਿੱਚ ਹੀ ਸਮਾਗਮ ਸੇਵਾ ਤੇ ਜਾਣਾ ਹੁੰਦਾ ਸੀ ਅਤੇ ਇਸੇ ਮਹੀਨੇ ਐੱਨਟੀਐੱਸਈ (NTSE) ਦਾ ਟੈਸਟ ਹੁੰਦਾ ਸੀ। ਸਤਿਗੁਰ ਦੇ ਆਦੇਸ਼ ਅਨੁਸਾਰ ਅਤੇ ਸਾਰੇ ਪਰਿਵਾਰ ਦੀ ਪ੍ਰੇਰਨਾ ਨਾਲ, ਮੈਂ ਇੱਕ ਹਫਤੇ ਲਈ ਸੇਵਾ ਤੇ ਦਿੱਲੀ ਚਲਾ ਗਿਆ। ਪਿੱਛੋਂ ਜਦੋਂ ਸਿਮਰਤ

ਨੇ ਪੇਪਰ ਦੇਣ ਜਾਣਾ ਸੀ ਤਾਂ ਬਹੁਤ ਹੀ ਜਿਆਦਾ ਮੁਸ਼ਕਿਲ ਆਈ ਅਤੇ ਬੜੀ ਮੁਸ਼ਕਿਲ ਨਾਲ ਸਮੇਂ ਤੋਂ ਥੋੜਾ ਪਹਿਲਾਂ ਚਿਰ ਹੀ ਐਗਜਾਮੀਨੇਸ਼ਨ ਸੈਂਟਰ ਤੇ ਪਹੁੰਚੇ। ਰੋਂਦੇ ਹੋਏ ਸਿਮਰਤ ਨੇ ਆਪਣੀ ਮੰਮੀ ਨੂੰ ਕਿਹਾ ਕਿ "ਤੁਸੀਂ ਮੈਨੂੰ ਲੇਟ ਕਰ ਦਿੱਤਾ ਹੈ" ਤਾਂ ਉਹਨਾਂ ਨੇ ਕਿਹਾ, "ਤੇਰੇ ਪਾਪਾ ਗੁਰੂ ਦੀ ਸੇਵਾ ਵਾਸਤੇ ਗਏ ਹਨ, ਤੂੰ ਬੇਫਿਕਰ ਹੋ ਕੇ ਪੇਪਰ ਦੇ, ਸਤਿਗੁਰ ਸਭ ਠੀਕ ਕਰਨਗੇ"। ਉਸ ਤੋਂ ਬਾਅਦ ਇੱਕ ਦਿਨ ਜਦੋਂ ਮੈਂ ਆਪਣੇ ਦਫਤਰ ਵਿਖੇ ਬੈਠਾ ਸੀ ਤਾਂ ਪ੍ਰਿੰਸੀਪਲ ਗੁਰਚਰਨ ਸਿੰਘ ਡੀਪੀਐਸ(DPS) ਦਾ ਫੋਨ ਆਇਆ ਕਿ ਬੱਚੀ ਸਿਮਰਤ ਐਨਟੀਐਸਸੀ ਦੇ ਇਗਜ਼ਾਮ ਵਿੱਚੋਂ ਪਾਸ ਹੋ ਗਈ ਹੈ। ਉਨਾਂ ਨੇ ਇਹ ਵੀ ਦੱਸਿਆ ਕਿ ਉਹਨਾਂ ਦੇ ਸਕੂਲ ਦਾ ਹੋਰ ਕੋਈ ਬੱਚਾ ਇਹ ਪ੍ਰੀਖਿਆ ਪਾਸ ਨਹੀਂ ਕਰ ਸਕਿਆ। ਮਨ ਨੂੰ ਵਿਸ਼ਵਾਸ ਹੋ ਗਿਆ ਕਿ ਜਦੋਂ ਅਸੀਂ ਗੁਰੂ ਦੀ ਸੇਵਾ ਲਈ ਜਾਂਦੇ ਹਾਂ ਤਾਂ ਕਿਸੇ ਕੰਮ ਵਿੱਚ ਵਿਘਨ ਨਹੀਂ ਪੈਂਦਾ ਸਗੋਂ ਸਾਰੇ ਕਾਰਜ ਰਾਸ ਆ ਜਾਂਦੇ ਹਨ। ਬੇਟੀ ਸਿਮ੍ਰਿਤ ਗਵਰਮੈਂਟ ਮੈਡੀਕਲ ਕਾਲਜ ਵਿੱਚੋਂ ਐਮਬੀਬੀਐਸ ਅਤੇ ਐਮਡੀ ਦੀ ਡਿਗਰੀ ਲੈ ਕੇ ਇਸ ਸਮੇਂ ਹਿਮਾਚਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ, ਦੇਹਰਾਦੂਨ ਵਿਖੇ, ਸਹਾਇਕ ਪ੍ਰੋਫੈਸਰ ਦੇ ਉੱਚ ਅਹੁਦੇ ਤੇ ਸੇਵਾ ਕਰ ਰਹੀ ਹੈ ਅਤੇ ਆਪਣੇ ਪਰਿਵਾਰ ਵਿੱਚ ਖੁਸ਼ ਹੈ।

3. ਮੈਂ ਸਮਦੀਸ਼ ਬੇਟੇ ਨੂੰ ਉਸ ਦੀ ਸਕੂਲ ਦੀ ਪੜ੍ਹਾਈ ਸਮੇਂ ਕਿਹਾ ਕਰਦਾ ਸੀ, "ਕਿਸੇ ਤਰ੍ਹਾਂ ਦਾ ਵੀ ਕੰਪੀਟੀਟਿਵ ਇਗਜ਼ਾਮ ਹੋਵੇ, ਉਸ

ਵਿੱਚ ਨਾਮ ਲਿਖਵਾਓ ਅਤੇ ਤਿਆਰੀ ਮੈਂ ਕਰਵਾਊਂਗਾ"। ਇੱਕ ਵਾਰੀ ਸਮਦੀਸ਼ ਨੇ ਘਰ ਆ ਕੇ ਦੱਸਿਆ ਕਿ ਟੈਰੀ (TERI, The Environment and Research Institution) ਦੀ ਇਨਵਾਇਰਮੈਂਟ ਐਂਡ ਰੀਸਰਚ ਇੰਸਟੀਚਿਊਟ ਦਾ ਪੇਪਰ ਹੋਣਾ ਹੈ ਤੇ ਮੈਂ ਉਸ ਵਿੱਚ ਆਪਣਾ ਨਾਮ ਲਿਖਵਾ ਦਿੱਤਾ ਹੈ। ਮੈਂ ਉਸੇ ਦਿਨ ਹੀ ਡੀਪੀਐਸ ਦੀ ਲਾਇਬਰੇਰੀ ਤੋਂ ਵਾਤਾਵਰਨ ਸਬੰਧੀ ਕਿਤਾਬਾਂ ਲੈ ਕੇ ਆਇਆ ਅਤੇ ਦੋ ਤਿੰਨ ਦਿਨ ਸਮਦੇਸ਼ ਨੂੰ ਤਿਆਰੀ ਕਰਵਾਈ। ਇਸ ਟੈਸਟ ਵਿੱਚ ਦੁਨੀਆਂ ਭਰ ਦੇ 80 ਹਜਾਰ ਸਟੂਡੈਂਟਸ ਨੇ ਹਿੱਸਾ ਲਿਆ ਸੀ ਜਿਸ ਵਿੱਚ ਭਾਰਤ ਵਰਸ਼ ਵਿੱਚੋਂ ਸਿਰਫ 39 ਪ੍ਰੀਖਿਆਤੀ ਪਾਸ ਹੋਏ। ਸਮਦੀਸ਼ ਪੰਜਾਬ ਵਿੱਚੋਂ ਪਾਸ ਹੋਣ ਵਾਲਾ ਇੱਕੋ ਇੱਕ ਵਿਦਿਆਰਥੀ ਸੀ। ਜਦੋਂ ਮੈਂ ਪ੍ਰਿੰਸੀਪਲ ਗੁਰਚਰਨ ਸਿੰਘ ਨੂੰ ਮਿਲਿਆ ਅਤੇ ਸਮਦੀਸ਼ ਦੇ ਟੈਰੀ ਇਗਜ਼ਾਮ ਵਿੱਚੋਂ ਪਾਸ ਹੋਣ ਬਾਰੇ ਦੱਸਿਆ ਤਾਂ ਉਹ ਬਹੁਤ ਖੁਸ਼ ਹੋਏ ਕਿ ਇਸ ਬੱਚੇ ਨੇ ਸਾਡੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਮੈਨੂੰ ਇੱਕ ਚਿੱਠੀ ਦਿੱਤੀ ਅਤੇ ਕਿਹਾ ਅਧਿਆਪਕ ਦੀ ਬਜਾਏ ਤੁਸੀਂ ਬੱਚੇ ਨਾਲ ਜਾ ਸਕਦੇ ਹੋ।

ਮੈਂ ਅਤੇ ਸਮਦੀਸ਼ ਟੈਰੀ ਦੇ ਦਫਤਰ, ਇੰਡੀਅਨ ਹੈਰੀਟੇਜ ਕੰਪਲੈਕਸ, ਲੋਧੀ ਰੋਡ, ਦਿੱਲੀ ਵਿਖੇ ਪਹੁੰਚੇ। ਸੰਸਥਾ ਵੱਲੋਂ ਸਾਡਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਨਾਸ਼ਤਾ ਕਰਾਉਣ ਤੋਂ ਬਾਅਦ ਸਾਰੇ ਹੀ ਬੱਚੇ ਅਤੇ ਅਧਿਆਪਕਾਂ ਨੂੰ ਸਾਇੰਸ ਹਾਊਸ ਦਿੱਲੀ ਵਿਖੇ ਲੈ ਗਏ।। ਉਥੇ ਵਰਲਡ ਅਰਥ ਡੇ (World Earth Day) ਦੇ ਫੰਕਸ਼ਨ ਵਿੱਚ ਸ੍ਰੀ ਨਮੋ

ਨਰਾਇਣ ਮੀਨਾ, ਕੇਂਦਰੀ ਮੰਤਰੀ ਨੇ ਹੋਰ ਬੱਚਿਆਂ ਦੇ ਨਾਲ ਸਮਦੀਸ਼ ਨੂੰ 3000 ਰੁਪਏ ਦਾ ਚੈੱਕ ਦਿੱਤਾ। ਉਸ ਤੋਂ ਬਾਅਦ ਇੱਕ ਰਾਤ ਸਾਨੂੰ ਗੁੜਗਾਂਵਾ, ਟੈਰੀ ਵਿਖੇ ਠਹਿਰਾਇਆ ਗਿਆ। ਖਾਣ ਪੀਣ ਅਤੇ ਹੋਰ ਸਹੂਲਤਾਂ ਬਹੁਤ ਹੀ ਉੱਤਮ ਦਰਜੇ ਦੀਆਂ ਸਨ।ਅਗਲੇ ਦਿਨ ਸਵਾਤੀ ਨਾਮ ਦੀ ਕੋਆਰਡੀਨੇਟਰ ਸਾਨੂੰ ਏਸੀ (AC) ਬੱਸ ਵਿੱਚ ਬਿਠਾ ਕੇ ਮੁਕਤੇਸ਼ਵਰ ਜੋ ਕਿ ਨੈਨੀਤਾਲ ਦੇ ਨੇੜੇ ਹੈ, ਲੈ ਕੇ ਗਈ। ਉਸ ਸਮੇਂ ਟੈਰੀ ਦੇ ਡਾਇਰੈਕਟਰ ਸ੍ਰੀ ਆਰ ਕੇ ਪਿਸ਼ੌਰੀ, ਨੋਬਲ ਪੁਰਸਕਾਰ ਵਿਜੇਤਾ ਸਨ। ਮੁਕਤੇਸ਼ਵਰ ਵਿਖੇ ਸਾਡੇ ਖਾਣ ਪੀਣ ਰਹਿਣ ਸਹਿਣ ਤਾਂ ਬਹੁਤ ਹੀ ਉੱਚ ਪੱਧਰੀ ਪ੍ਰਬੰਧ ਸੀ।ਬੱਚਿਆਂ ਦੇ ਨਾਲ ਆਏ ਸਾਰੇ ਭਾਰਤ ਵਰਸ਼ ਵਿੱਚੋਂ ਡੀਏਵੀ(DAV) ਸਕੂਲਾਂ ਦੇ ਪ੍ਰਿੰਸੀਪਲ, ਉੱਚ ਤਾਲੀਮ ਪ੍ਰਾਪਤ ਲੋਕ ਸਨ ਜਿਨਾਂ ਨਾਲ ਮੈਨੂੰ ਗੱਲਬਾਤ ਕਰਨ ਦਾ ਅਵਸਰ ਪ੍ਰਾਪਤ ਹੋਇਆ।

ਅਗਲੇ ਦਿਨ ਸਾਨੂੰ ਮੁਕਤੇਸ਼ਵਰ ਮੰਦਰ ਵਿੱਚ ਲਿਜਾਇਆ ਗਿਆ ਜੋ ਕਿ ਉੱਚੀ ਪਹਾੜੀ ਦੀ ਟੀਸੀ ਤੇ ਹੈ। ਕਹਿੰਦੇ ਹਨ ਕਿ ਸ਼ਿਵਜੀ ਮਹਾਰਾਜ ਨੇ ਇੱਥੇ ਇੱਕ ਰਾਕਸ਼ਸ ਨੂੰ ਮਾਰਿਆ ਸੀ। ਬੱਚਿਆਂ ਦੀ ਹੋਰ ਐਕਟੀਵਿਟੀਜ਼ ਤੋਂ ਬਾਅਦ ਸਾਰੇ ਹੀ ਮੁਕਤੇਸ਼ਵਰ ਮੰਦਰ ਮੱਥਾ ਟੇਕਣ ਲਈ ਗਏ। ਮੈਂ ਲਾਈਨ ਵਿੱਚ ਸਭ ਤੋਂ ਪਿੱਛੇ ਸੀ ਅਤੇ ਵੇਖਿਆ ਕਿ ਲੋਕ ਭਗਵਾਨ ਦੀ ਮੂਰਤੀ ਨੂੰ ਮੱਥਾ ਟੇਕ ਵਾਪਸ ਆ ਰਹੇ ਸਨ। ਜਦੋਂ ਮੈਂ ਮੰਦਿਰ ਵਿੱਚ ਦਾਖਲ ਹੋਇਆ ਤਾਂ ਵੇਖਿਆ ਕਿ ਉਥੋਂ ਦੇ ਪੁਜਾਰੀ ਜੋ ਕਿ ਬਹੁਤ ਹੀ ਉੱਚੀ ਪ੍ਰਤਿਭਾ ਦੇ ਮਾਲਕ ਸਨ ਅਤੇ ਉਹਨਾਂ ਦੇ ਚਿਹਰੇ ਤੇ ਬਹੁਤ ਨੂਰ

ਸੀ। ਮੈਥੋਂ ਆਪ ਮੁਹਾਰੇ ਹੀ ਮੂਰਤੀਆਂ ਦੀ ਬਜਾਏ ਪੰਡਿਤ ਨੂੰ ਮੱਥਾ ਟੇਕਿਆ ਗਿਆ। ਪੰਡਿਤ ਜੀ ਨੇ ਪੁੱਛਿਆ, "ਸਰਦਾਰ ਜੀ, ਸਭੀ ਲੋਗੋ ਨੇ ਭਗਵਾਨ ਕੋ ਨਮਸਕਾਰ ਕੀ, ਆਪ ਨੇ ਮੁਝੇ ਨਮਸਕਾਰ ਕਿਉਂ ਕੀ"? ਮੈਂ ਕਿਹਾ, "ਪੰਡਿਤ ਜੀ, ਯਹ ਮੂਰਤੀਆਂ ਇਨਸਾਨ ਕੀ ਬਣਾਈ ਹੋਈ ਹੈ ਔਰ ਖਤਮ ਹੋਣੇ ਵਾਲੀ ਹੈ ਆਪਕੀ ਮੂਰਤੀ ਈਸ਼ਵਰ ਨੇ ਖੁਦ ਬਣਾਈ ਹੈ ਔਰ ਈਸ਼ਵਰ ਕੀ ਜੋਤ ਆਪ ਮੇ ਵਿਦਿਆਮਾਨ ਹੈ। ਮੈਂ ਆਪਕੇ ਸਰੀਰ ਕੋ ਨਹੀਂ, ਇਸ ਚੇਤਨ ਸੱਤਾ ਕੋ ਨਮਸਕਾਰ ਕਰ ਰਹਾ ਹੂੰ"। ਪੰਡਿਤ ਜੀ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਮੈਨੂੰ ਆਪਣੇ ਕੋਲ ਬਿਠਾਇਆ, ਪ੍ਰਸ਼ਾਦ ਦਿੱਤਾ, ਮੱਥੇ ਤੇ ਤਿਲਕ ਲਗਾਇਆ ਅਤੇ ਗੁੱਟ ਤੇ ਗਾਨਾ ਬੰਨਿਆ। ਉਹਨਾਂ ਦੇ ਪੁੱਛਣ ਤੇ ਮੈਂ ਦੱਸਿਆ ਕਿ ਇਹ ਗਿਆਨ ਮੈਨੂੰ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਤੋਂ ਪ੍ਰਾਪਤ ਹੋਇਆ। ਜਦੋਂ ਮੈਂ ਬਾਹਰ ਆਇਆ ਤਾਂ ਮੇਰੇ ਇੱਕ ਸਾਥੀ ਜੋ ਕਿ ਡੀ ਏ ਵੀ ਪਬਲਿਕ ਸਕੂਲ ਬੈਂਗਲੋਰ ਦੇ ਪ੍ਰਿੰਸੀਪਲ ਸਨ, ਪੁੱਛਿਆ, "ਸਰਦਾਰ ਜੀ, ਆਪ ਨੇ ਪੰਡਿਤ ਜੀ ਕੇ ਸਾਥ ਕਿਆ ਪ੍ਰੀਤੀ ਪਾ ਲਈ? ਇਤਨਾ ਟਾਈਮ ਲਗਾ ਦੀਆ, ਹਮ ਲੇਟ ਹੋ ਰਹੇ ਹੈ"। ਮੈਂ ਉਹਨਾਂ ਨੂੰ ਪੰਡਿਤ ਜੀ ਨਾਲ ਮੁਲਾਕਾਤ ਬਾਰੇ ਬਹੁਤ ਹੀ ਸੰਖੇਪ ਨਾਲ ਦੱਸਿਆ ਤਾਂ ਉਹਨਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵੀ ਇਸ ਬਾਰੇ ਦੱਸੋ ਕਿ ਨਿਰੰਕਾਰੀ ਮਿਸ਼ਨ ਕੀ ਹੈ। ਉਹਨਾਂ ਮੈਨੂੰ ਇੱਕ ਉੱਚੇ ਪੱਥਰ ਤੇ ਖੜਾ ਹੋਣ ਲਈ ਕਿਹਾ ਅਤੇ ਬਾਕੀ ਸਾਰੇ ਅਧਿਆਪਕ ਅਤੇ ਵਿਦਿਆਰਥੀ ਮੇਰੇ ਸਾਹਮਣੇ ਇੱਕ ਕਲਾਸ

ਦੇ ਰੂਪ ਵਿੱਚ ਖੜੇ ਹੋ ਗਏ। ਮੈਂ ਨਿਰੰਕਾਰੀ ਮਿਸ਼ਨ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ:

*Nirankari mission is not a separate religion*

ਨਿਰੰਕਾਰੀ ਮਿਸ਼ਨ ਕੋਈ ਵੱਖਰਾ ਧਰਮ ਨਹੀਂ

*It is a spiritual movement*

ਨਿਰੰਕਾਰੀ ਮਿਸ਼ਨ ਇੱਕ ਰੂਹਾਨੀ ਲਹਿਰ ਹੈ

*It says, God is omnipresent*

ਇਸਦਾ ਮਨਣਾ ਹੈ ਕਿ ਪਰਮਾਤਮਾ ਸਰਬ ਵਿਆਪਕ ਹੈ

*And it can be realized with the grace of contemporary Satguru*

ਪਰਮਾਤਮਾ ਨੂੰ ਵਰਤਮਾਨ ਸਮੇਂ ਦੇ ਸਤਿਗੁਰੂ ਦੀ ਕਿਰਪਾ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ

*Nirankari mission respects all saints and seers of old ages*

ਨਿਰੰਕਾਰੀ ਮਿਸ਼ਨ ਸਾਰੇ ਹੀ ਹੋ ਚੁੱਕੇ ਗੁਰੂ ਪੀਰ ਪੈਗੰਬਰਾਂ ਦਾ ਸਤਿਕਾਰ ਕਰਦਾ ਹੈ

*It also respects all the religious scriptures*

ਇਹ ਸਾਰੇ ਧਰਮ ਗ੍ਰੰਥਾਂ ਦਾ ਸਤਿਕਾਰ ਕਰਦਾ ਹੈ

*God realisation is bestowed upon all the seekers irrespective of their caste, colour, creed or religion, rich and poor*

ਨਿਰੰਕਾਰੀ ਮਿਸ਼ਨ ਸਾਰੇ ਹੀ ਧਰਮਾਂ ਦੇ ਲੋਕਾਂ, ਉਹਨਾਂ ਦੀ ਜਾਤੀ ਪਾਤੀ, ਰੰਗ ਨਸਲ ਆਦਿ ਦੇ ਭੇਦ ਭਾਵਾਂ ਤੋਂ ਬਿਨਾ ਇੱਕੋ ਜੇਹਾ ਪਰਮਾਤਮਾ ਦਾ ਗਿਆਨ ਪ੍ਰਦਾਨ ਕਰਦਾ ਹੈ

ਸਤਿਗੁਰੂ ਦੀ ਗੱਲ ਕਰਨ ਦਾ ਸਾਥੀਆਂ ਤੇ ਅਤਿਅੰਤ ਪ੍ਰਭਾਵ ਹੋਇਆ। ਇਥੋਂ ਤੱਕ ਕੇ ਜੋ ਸਾਊਥ ਇੰਡੀਅਨ ਦੋ ਭੈਣਾਂ ਸਨ ਉਹਨਾਂ ਨੇ ਬੱਸ ਵਿੱਚ ਮੇਰੀ ਸੀਟ ਰਿਜ਼ਰਵ ਕਰ ਦਿੱਤੀ ਅਤੇ ਜਦੋਂ ਸਾਰੇ ਜਾਣੇ ਖਾਣਾ ਖਾਂਦੇ ਸਨ ਤਾਂ ਉਹ ਬਹੁਤ ਹੀ ਸਤਿਕਾਰ ਨਾਲ ਸਭ ਤੋਂ ਪਹਿਲਾਂ ਥਾਲੀ ਵਿੱਚ ਖਾਣਾ ਪਰੋਸ ਕੇ ਮੈਨੂੰ ਦਿੰਦੀਆਂ ਸਨ।

ਮਾਰਚ 2023 ਵਿੱਚ ਸਮਦੀਸ਼ ਦਾ ਵਿਆਹ ਇੱਕ ਬਹੁਤ ਹੀ ਸੁੱਘੜ ਸਿਆਣੀ ਲੜਕੀ, ਅਨੀਤ ਕੌਰ, ਜੋ ਕਿ ਚਮੜੀ ਰੋਗਾਂ ਦੀ ਮਾਹਰ ਡਾਕਟਰ (MD Skin Doctor) ਅਤੇ ਮੌਲਾਨਾ ਅਜ਼ਾਦ ਮੈਡੀਕਲ ਕਾਲਜ (Maulana Azad Medical College) ਦਿੱਲੀ ਵਿੱਖੇ ਨੌਕਰੀ ਕਰ ਰਹੀ ਹੈ, ਨਾਲ ਹੋਇਆ। ਸਤਿਗੁਰੂ ਦੀ ਕਿਰਪਾ ਨਾਲ ਇਹ ਦੋਵੇਂ ਬੱਚੇ ਵੀ ਬਹੁਤ ਹੀ ਸੋਹਣੀ ਜਿੰਦਗੀ ਬਤੀਤ ਕਰ ਰਹੇ ਹਨ।

# 10. ਗੁਰੂ ਦਰਸ਼ਨ

ਮੈਂ ਤਕਰੀਬਨ 1990 ਈਸਵੀ ਵਿੱਚ ਸੇਵਾ ਦਲ ਵਿੱਚ ਭਰਤੀ ਹੋਇਆ ਅਤੇ ਜੋ ਵੀ ਸੇਵਾ ਦਲ ਦੇ ਅਧਿਕਾਰੀਆਂ ਵੱਲੋਂ ਡਿਊਟੀ ਲਗਾਈ ਜਾਂਦੀ ਸੀ ਉਸ ਨੂੰ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦਾ ਸੀ। ਉਨੀ ਦਿਨੀ ਭਾਈ ਸਾਹਿਬ ਮਦਨ ਲਾਲ ਜੀ ਫਰੀਦਕੋਟ ਖੇਤਰ ਦੇ ਖੇਤਰੀ ਸੰਚਾਲਕ ਸਨ।ਉਹਨਾਂ ਨੇ ਐਡਵਾਂਸ ਸੇਵਾ ਵਿੱਚ ਮੇਰੀ ਅਗਵਾਈ ਵਿੱਚ ਇੱਕ ਗਰੁੱਪ ਗਰਾਊਂਡ ਨੰਬਰ ਤਿੰਨ ਵਿੱਚ ਇੱਕ ਹਫਤੇ ਲਈ ਸੇਵਾ ਵਾਸਤੇ ਭੇਜਿਆ। ਭਾਈ ਸਾਹਿਬ ਮਦਨ ਲਾਲ ਜੀ ਅਤੇ ਹੋਰ ਅਧਿਕਾਰੀ ਸਟੇਸ਼ਨ ਤੇ ਸਾਰੇ ਗਰੁੱਪ ਨੂੰ ਵਿਦਾ ਕਰਨ ਲਈ ਆਏ। ਉਨਾਂ ਨੇ 100 ਰੁਪਈਆ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੂੰ ਨਮਸਕਾਰ ਕਰਨ ਲਈ ਦਿੱਤਾ ਅਤੇ ਨਾਲ ਹੀ ਇਹ ਹਦਾਇਤ ਵੀ ਦਿੱਤੀ ਕਿ ਭਾਵੇਂ ਬਾਬਾ ਜੀ ਤੁਹਾਡੀ ਡਿਊਟੀ ਪੁਆਇੰਟ ਦੇ ਨੇੜੇ ਤਸ਼ਰੀਫ ਲੈ ਆਉਣ ਪਰ ਤੁਸੀਂ ਡਿਊਟੀ ਛੱਡ ਕੇ ਨਮਸਕਾਰ ਕਰਨ ਲਈ ਨਹੀਂ ਜਾਣਾ। ਨਾਲ ਹੀ ਇਹ ਗੱਲ ਵੀ ਕਹਿ ਦਿੱਤੀ ਕਿ ਜੇ ਮੌਕਾ ਮਿਲੇ ਤਾਂ ਬਾਬਾ ਜੀ ਨਾਲ ਗੱਲਬਾਤ ਕਰਕੇ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਲੈਣਾ। ਦੋ ਵੱਖ-ਵੱਖ ਗੱਲਾਂ ਬਾਰੇ ਸੋਚਦਾ ਹੋਇਆ ਸੇਵਾ ਦਲ ਦੇ ਜਵਾਨਾਂ ਦੇ ਗਰੁੱਪ ਨੂੰ ਲੈ ਕੇ

ਸਮਾਗਮ ਗਰਾਊਂਡ ਨੰਬਰ ਤਿੰਨ ਵਿੱਚ ਦਾਸ ਪਹੁੰਚਿਆ। ਉੱਥੇ ਭਾਈ ਸਾਹਿਬ ਵਾਸਦੇਵ ਜੀ, ਜੋ ਕਿ ਗਰਾਊਂਡ ਨੰਬਰ ਤਿੰਨ ਦੇ ਇੰਚਾਰਜ ਸਨ, ਉਹਨਾਂ ਨੇ ਮੈਨੂੰ ਲੰਗਰ ਸਟੋਰ ਦੇ ਇੰਚਾਰਜ ਵਜੋਂ ਡਿਊਟੀ ਸੌਂਪ ਦਿੱਤੀ। ਸਾਡੀ ਡਿਊਟੀ ਇੱਕ ਹਫਤੇ ਲਈ ਲੱਗੀ ਸੀ।ਇਸ ਡਿਊਟੀ ਦੌਰਾਨ ਹੋਰ ਜਵਾਨਾਂ ਤੋਂ ਇਲਾਵਾ ਭਾਈ ਸਾਹਿਬ ਸਿਕੰਦਰ ਸਿੰਘ ਜੀ ਕੋਟਕਪੂਰੇ ਵਾਲੇ, ਸਾਧੂ ਸਿੰਘ, ਮੇਜਰ ਸਿੰਘ, ਜੱਗਾ ਸਿੰਘ ਮੋਰਾਂਵਾਲੀ ਵਾਲੇ ਮੇਰੇ ਸਹਾਇਕ ਸਨ।। ਬਾਬਾ ਜੀ ਕਈ ਵਾਰੀ ਸ਼ਾਮ ਨੂੰ ਸਰੋਵਰ ਗਰਾਊਂਡ ਵਿੱਚ ਦਰਸ਼ਨ ਦੇਣ ਆਉਂਦੇ, ਨਮਸਕਾਰ ਵੀ ਹੁੰਦੀ, ਪਰ ਮੈਂ ਕਦੇ ਆਪਣਾ ਡਿਊਟੀ ਪੁਆਇੰਟ ਛੱਡ ਕੇ ਨਮਸਕਾਰ ਕਰਨ ਨਹੀਂ ਗਿਆ। ਡਿਊਟੀ ਖਤਮ ਹੋਣ ਤੋਂ ਇੱਕ ਦਿਨ ਪਹਿਲਾਂ ਭਾਈ ਸਾਹਿਬ ਨਾਗਪਾਲ ਜੀ ਦਾ ਮੈਨੂੰ ਫੋਨ ਆਇਆ ਕਿ ਤੁਹਾਡੇ ਪਾਸ ਸੋਹਣਾ ਬਨਸਪਤੀ ਘਿਓ ਦੇ ਕਿਤਨੇ ਟੀਨ ਹਨ। ਉਹਨਾਂ ਵਿੱਚੋਂ ਕਿੰਨੇ ਲੀਟਰ ਵਾਲੇ ਹਨ ਤੇ ਕਿਤਨੇ ਕਿਲੋ ਵਾਲੇ ਹਨ? ਨਾਲ ਹੀ ਹੱਸ ਕੇ ਇਹ ਵੀ ਕਿਹਾ ਕਿ ਚੰਗੀ ਤਰ੍ਹਾਂ ਗਿਣਤੀ ਮਿਣਤੀ ਕਰ ਲਓ.ਘਾਟ ਵਾਧ ਦਾ ਖਰਚਾ ਤੁਹਾਡੀ ਜੇਬ ਵਿੱਚੋਂ ਜਾਸੀ। ਇਹ ਗੱਲ ਹੋ ਹੀ ਰਹੀ ਸੀ ਕਿ ਭਾਈ ਸਾਹਿਬ ਨਸੀਬ ਚੰਦ ਜੀ ਜਲਾਲ ਵਾਲੇ 15 ਜਵਾਨ ਲੈ ਕੇ ਮੇਰੇ ਕੋਲ ਪਹੁੰਚੇ ਅਤੇ ਸੇਵਾ ਦੀ ਮੰਗ ਕੀਤੀ। ਮੈਂ ਉਹਨਾਂ ਨੂੰ ਕਿਹਾ ਕਿ ਜੋ ਸੋਹਣਾ ਬਨਸਪਤੀ ਦੇ 400 ਟੀਨ ਹਨ ਇਹਨਾਂ ਨੂੰ ਲਾਈਨਾਂ ਵਿੱਚ ਲਾ ਲਓ। ਜਦੋਂ ਲਾਈਨਸ ਵਿੱਚ ਲਗਾਉਂਦੇ ਸਮੇਂ ਮੈਂ ਦੇਖਿਆ ਕਿ ਤਿੰਨ ਟੀਨ 15 ਲੀਟਰ ਵਾਲੇ ਸਨ ਮੈਂ ਉਹ ਆਪਣੇ ਮੇਜ ਉੱਪਰ ਰੱਖ ਲਏ ਅਤੇ ਰਾਤ ਦੇ ਸਮੇਂ ਸਾਰੀ ਗਿਣਤੀ

ਮਿਣਤੀ ਡਾਇਰੀ ਤੇ ਨੋਟ ਕੀਤੀ। ਅਗਲੇ ਦਿਨ ਹੀ ਅਸੀਂ ਡਿਊਟੀ ਸਮਾਪਤ ਹੋਣ ਤੇ ਵਾਪਸ ਆਉਣਾ ਸੀ।ਮਨ ਵਿੱਚ ਇਹ ਸੋਚ ਆਈ ਕਿ ਸਤਿਗੁਰੂ ਬਾਬਾ ਜੀ ਨੂੰ ਨਮਸਕਾਰ ਨਹੀਂ ਹੋਈ। ਸਵੇਰ ਦੇ ਪੰਜ ਵੱਜੇ ਸਨ , ਜਦੋਂ ਮੈਂ ਆਪਣੀ ਡਿਊਟੀ ਉੱਪਰ ਬੈਠਾ ਸੀ ਤਾਂ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਸਾਡੇ ਡਿਊਟੀ ਗਰਾਊਂਡ ਵਿੱਚ ਆਏ ਅਤੇ ਨੇੜੇ ਆ ਕੇ ਮੈਨੂੰ ਸਵਾਲ ਕੀਤਾ ਕਿ ਘਿਓ ਦੇ ਕਿਤਨੇ ਟੀਨ ਤੁਹਾਡੇ ਪਾਸ ਹਨ। ਉੱਤਰ ਵਜੋਂ ਮੈਂ ਕਿਹਾ ਸੱਚੇ ਪਾਤਸ਼ਾਹ 400 ਟੀਨ ਹਨ। ਉਹਨਾਂ ਨੇ ਫਿਰ ਸਵਾਲ ਕੀਤਾ ਲੀਟਰ ਵਾਲੇ ਕਿਤਨੇ ਹਨ। ਤਾਂ ਜਿਹੜੇ ਤਿੰਨ ਟੀਨ ਲੀਟਰ ਵਾਲੇ ਸਨ ਉਹ ਮੈਂ ਮੇਜ ਤੇ ਰੱਖ ਦਿੱਤੇ। ਸਾਰੀਆਂ ਕੈਲਕੂਲੇਸ਼ਨਸ ਬਾਰੇ ਬਾਬਾ ਜੀ ਪੰਜ ਮਿੰਟ ਮੇਰੇ ਨਾਲ ਗੱਲਬਾਤ ਕਰਦੇ ਰਹੇ। ਮੈਂ ਨਮਸਕਾਰ ਕਰਨੀ ਭੁੱਲ ਹੀ ਗਿਆ। ਜਦੋਂ ਬਾਬਾ ਜੀ 100 ਗਜ ਦੀ ਦੂਰੀ ਤੇ ਗਏ ਤਾਂ ਮੇਰੇ ਮਨ ਵਿੱਚ ਨਮਸਕਾਰ ਦਾ ਖਿਆਲ ਆਇਆ। ਮੇਰੀ ਖੁਸ਼ੀ ਤੇ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਬਾਬਾ ਜੀ ਮੇਰੇ ਵੱਲ ਮੂੰਹ ਕਰਕੇ ਖੜੇ ਹੋ ਗਏ। ਫਿਰ ਮੈਂ ਬਾਬਾ ਜੀ ਨੂੰ ਨਮਸਕਾਰ ਕੀਤੀ ਅਤੇ ਸਾਥੀਆਂ ਨੂੰ ਵੀ ਕਿਹਾ ਕਿ ਨਮਸਕਾਰ ਕਰਨ ਦਾ ਠੀਕ ਸਮਾਂ ਹੈ, ਆਓ ਸਾਰੇ ਹੀ ਨਮਸਕਾਰ ਕਰੋ। ਇਹ ਸੀਨ ਜਦੋਂ ਵੀ ਮੇਰੇ ਮਨ ਦੇ ਵਿੱਚ ਆਉਂਦਾ ਹੈ ਤਾਂ ਮੈਨੂੰ ਅਥਾਹ ਖੁਸ਼ੀ ਮਿਲਦੀ ਹੈ ਅਤੇ ਉਹ ਪਲ ਮੇਰੀ ਜਿੰਦਗੀ ਦੀ ਬਹੁਤ ਵੱਡੀ ਪੂੰਜੀ ਬਣ ਗਏ ਹਨ।

# 11. ਸਫਰਨਾਮਾ / ਰੂਹਾਨੀ ਕਿਰਨਾ

# (Spiritual Rays)

ਬੇਟਾ ਸਮਦੀਸ਼ ਜਦੋਂ ਅੱਠਵੀਂ ਜਮਾਤ ਵਿੱਚ ਦਸਮੇਸ਼ ਪਬਲਿਕ ਸਕੂਲ ਪੜਦਾ ਸੀ ਤਾਂ ਉਸ ਨੇ ਆਈ.ਆਈ.ਟੀ. ਗਵਾਟੀ (IIT, Guwahati) ਦੀ ਇੱਕ ਪ੍ਰੀਖਿਆ ਪਾਸ ਕੀਤੀ। ਇਸ ਪ੍ਰੀਖਿਆ ਵਿੱਚ ਤਿੰਨ ਵਿਦਿਆਰਥੀਆਂ ਦੀ ਇੱਕ ਟੀਮ ਚੁਣੀ ਗਈ ਜਿਸ ਦਾ ਸਮਦੀਸ਼ ਟੀਮ ਲੀਡਰ ਸੀ। ਉਨਾਂ ਨੇ ਇੱਕ ਸਾਇੰਸ ਦਾ ਪ੍ਰੋਜੈਕਟ ਬਣਾਇਆ ਜਿਸ ਵਿੱਚ ਓਵਰ ਹੈਡ ਟੈਂਕ ਵਿੱਚੋਂ ਪਾਣੀ ਆਉਂਦਾ ਸੀ ਅਤੇ ਟਰਬਾਈਨਸ ਨਾਲ ਬਿਜਲੀ ਪੈਦਾ ਕਰਕੇ ਸ਼ਹਿਰ ਨੂੰ ਰੋਸ਼ਨ ਕਰਦੀ ਸੀ। ਤਿੰਨ ਵਿਦਿਆਰਥੀ ਅਤੇ ਤਿੰਨ ਪੇਰੈਂਟਸ ਆਈ. ਆਈ. ਟੀ. ਗਵਾਟੀ ਦੇ ਖਰਚੇ ਤੇ ਰਾਜਧਾਨੀ ਐਕਸਪ੍ਰੈਸ ਵਿੱਚ ਦਿੱਲੀ ਤੋਂ ਗੁਵਾਟੀ ਪਹੁੰਚੇ।

ਸਮਦੀਸ਼ ਅਤੇ ਇਸ ਦੇ ਸਾਥੀਆਂ ਨੇ ਆਈਆਈਟੀ ਗਵਾਟੀ ਦੇ ਵਿਦਿਆਰਥੀਆਂ ਦੇ ਕਮਰੇ ਵਿੱਚ ਜਾ ਕੇ ਸਾਇੰਸ ਪ੍ਰੋਜੈਕਟ ਡਿਸਕਸ ਕੀਤਾ। ਆਈਆਈਟੀ ਗਵਾਟੀ ਦੇ ਆਡੀਟੋਰੀਅਮ ਵਿੱਚ ਫਿਜਿਕਸ ਦੇ ਮਹਾਨ ਪ੍ਰੋਫੈਸਰ ਐਚ ਸੀ ਵਰਮਾ ਆਏ ਅਤੇ ਉਨਾਂ ਨੇ ਵਿਦਿਆਰਥੀਆਂ

ਨੂੰ ਛੋਟੇ ਛੋਟੇ ਤਜਰਬਿਆਂ ਨਾਲ ਸਿੱਧ ਕਰਕੇ ਦੱਸਿਆ ਕਿ ਫਿਜਿਕਸ ਇੱਕ ਬਹੁਤ ਹੀ ਆਸਾਨ ਸਬਜੈਕਟ ਹੈ। ਉਥੋਂ ਇੱਕ ਦਿਨ ਵਾਸਤੇ ਅਸੀਂ ਮੇਘਾਲਿਆ ਦੀ ਰਾਜਧਾਨੀ, ਸ਼੍ਰੀਲੌਂਗ ਦੇ ਟਰਿਪ ਲਈ ਗਏ।

ਇਸ ਟਰਿਪ ਦਾ ਫਾਇਦਾ ਇਹ ਹੋਇਆ ਕਿ ਸਾਰੇ ਬੱਚਿਆਂ ਦੇ ਮਨ ਵਿੱਚ ਆਈਆਈਟੀ ਵਿੱਚ ਦਾਖਲਾ ਲੈਣ ਦਾ ਉਤਸ਼ਾਹ ਪੈਦਾ ਹੋ ਗਿਆ। ਦਸਵੀਂ ਪਾਸ ਕਰਨ ਤੋਂ ਬਾਅਦ ਸਮਦੀਸ਼ ਨੂੰ ਬਾਂਸਲ ਕਲਾਸਿਸ, ਕੋਟਾ ਵਿਖੇ ਕੋਚਿੰਗ ਲੈਣ ਲਈ ਭੇਜਿਆ ਗਿਆ। ਸਮਦੀਸ਼ ਦੇ ਕਹਿਣ ਤੇ ਮੈਂ ਹਰ ਮਹੀਨੇ ਉਸ ਦੀ ਮਹੀਨਾ ਵਾਰੀ ਪ੍ਰੀਖਿਆ ਤੋਂ ਹਫਤਾ ਪਹਿਲਾਂ ਕੋਟੇ ਜਾ ਕੇ ਉਸ ਦੇ ਕੋਲ ਰਹਿੰਦਾ ਸੀ। ਫਰੀਦਕੋਟ ਘਰ ਆ ਕੇ ਸਿਮਰਤ ਅਤੇ ਗੁਰਪਾਲ ਨਾਲ ਉਥੋਂ ਦੇ ਵਾਤਾਵਰਨ ਆਦਿ ਬਾਰੇ ਵਿਚਾਰ ਵਿਟਾਂਦਰਾ ਕਰਦਾ ਸੀ। ਸਿਮਰਤ ਅਤੇ ਗੁਰਪਾਲ ਦਾ ਵੀ ਕੋਟਾ ਵੇਖਣ ਦਾ ਦਿਲ ਕੀਤਾ ਅਤੇ ਅਸੀਂ ਤਿੰਨੋ ਜਾਣੇ ਰੱਖੜੀ ਦੇ ਨੇੜੇ ਸਮਦੀਸ਼ ਕੋਲ ਕੋਟਾ ਵਿਖੇ ਗਏ।

ਬਾਂਸਲ ਕਲਾਸਿਸ ਦੀ ਬਹੁਤ ਹੀ ਆਲੀਸ਼ਾਨ ਬਿਲਡਿੰਗ ਕਲਾਸ ਰੂਮ ਅਤੇ ਕੋਟਾ ਸ਼ਹਿਰ ਇੱਕ ਦਿਨ ਵਾਸਤੇ ਦੇਖੇ। ਸ਼ਾਮ ਨੂੰ ਅਸੀਂ ਕੋਟੇ ਤੋਂ ਪਿੰਕ ਸਿਟੀ ਜੈਪੁਰ ਵੇਖਣ ਲਈ ਗਏ। ਸਵੇਰ ਵੇਲੇ ਅਸੀਂ ਜੈਪੁਰ ਸਟੇਸ਼ਨ ਤੇ ਪਹੁੰਚ ਗਏ ਅਤੇ ਉਥੋਂ ਸੰਤ ਨਿਰੰਕਾਰੀ ਸਤਸੰਗ ਭਵਨ ਜੈਪੁਰ ਜਾ ਕੇ ਮਿਲੇ। ਉਨਾਂ ਨੇ ਸਾਨੂੰ ਆਦਰ ਸਹਿਤ ਬ੍ਰੇਕਫਾਸਟ ਕਰਵਾਇਆ ਅਤੇ ਜਦੋਂ ਅਸੀਂ ਇੱਛਾ ਜਾਹਿਰ ਕੀਤੀ ਕਿ ਇੱਕ ਦਿਨ ਵਾਸਤੇ ਜੈਪੁਰ ਘੁੰਮਣਾ ਹੈ ਤਾਂ ਉਹਨਾਂ ਨੇ ਸਾਨੂੰ ਵੇਖਣ ਯੋਗ ਥਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ

ਆਪਣੀ ਜਾਨ ਪਛਾਣ ਵਾਲੇ ਆਟੋ ਰਿਕਸ਼ਾ ਚਾਲਕ ਨੂੰ ਵਾਜਬ ਕਰਾਏ ਵਿੱਚ ਸਾਡੇ ਨਾਲ ਭੇਜਿਆ। ਉੱਥੇ ਅਸੀਂ ਪੁਰਾਣਾ ਕਿਲਾ, ਰਾਜ ਮਹਿਲ, ਚੌਕੀਦਾਨੀ, ਹਵਾ ਮਾਹਲ ਆਦਿ ਵੇਖੇ। ਸ਼ਾਮ ਨੂੰ ਅਸੀਂ ਵਾਪਸ ਭਵਨ ਆ ਗਏ, ਰਾਤ ਉੱਥੇ ਠਹਿਰੇ ਅਤੇ ਸਵੇਰ ਦੀ ਸੰਗਤ ਕੀਤੀ। ਫੇਰ ਅਸੀਂ ਦਿੱਲੀ ਵਾਸਤੇ ਟ੍ਰੇਨ ਪਕੜਨ ਲਈ ਸਟੇਸ਼ਨ ਤੇ ਪਹੁੰਚੇ।

ਜਦੋਂ ਟਰੇਨ ਵਿੱਚ ਬੈਠੇ ਤਾਂ ਇੱਕ ਬਹੁਤ ਹੀ ਉੱਚ ਘਰਾਣੇ ਦੇ ਰਿਸ਼ਟ ਪੁਸ਼ਟ ਅਤੇ ਉੱਚ ਸ਼ਖਸ਼ੀਅਤ ਵਾਲੇ ਨੌਜਵਾਨ ਨੇ ਮੈਨੂੰ ਆ ਕੇ ਨਮਸਕਾਰ ਕੀਤੀ। ਮੈਂ ਉਸ ਨੂੰ ਪੁੱਛਿਆ ਕਿ ਤੁਹਾਡਾ ਕੀ ਹਾਲ ਚਾਲ ਹੈ ਤਾਂ ਉਸ ਨੇ ਨਿਰਾਸ਼ਾਜਨਕ ਲਹਿਜੇ ਵਿੱਚ ਕਿਹਾ ਕਿ ਮੇਰਾ ਹਾਲ ਬਹੁਤਾ ਚੰਗਾ ਨਹੀਂ ਹੈ। ਮੈਂ ਉਸ ਨੂੰ ਕਿਹਾ ਕਿ ਤੁਸੀਂ ਤਾਂ ਮੈਨੂੰ ਬਹੁਤ ਚੰਗੇ ਪਰਿਵਾਰ ਨਾਲ ਸੰਬੰਧਿਤ ਖੁਸ਼ਕਿਸਮਤ ਇਨਸਾਨ ਜਾਪਦੇ ਹੋ। ਤੁਹਾਡੇ ਪਿਤਾ ਜੀ, ਲੜਕੀ ਅਤੇ ਪਤਨੀ ਤੁਹਾਨੂੰ ਵਿਦਾ ਕਰਕੇ ਗਏ ਹਨ। ਬਹੁਤ ਚੰਗੀ ਕਿਸਮਤ ਹੈ ਇਨਸਾਨ ਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਰਹਿਣਾ ਚਾਹੀਦਾ ਹੈ।ਉਸ ਦੇ ਪੁੱਛਣ ਤੇ ਮੈਂ ਦੱਸਿਆ ਕਿ ਮੇਰਾ ਬੇਟਾ ਬਾਂਸਲ ਆਈ ਆਈ ਟੀ ਕਲਾਸਿਸ ਵਿਖੇ IIT ਦੀ ਤਿਆਰੀ ਕਰ ਰਿਹਾ ਹੈ। ਮੈਂ, ਮੇਰੀ ਪਤਨੀ ਅਤੇ ਡਾਕਟਰ ਬੇਟੀ ਉਸ ਨੂੰ ਮਿਲ ਕੇ ਜੈਪੁਰ ਤੋਂ ਆਏ ਹਾਂ। ਉਥੇ ਅਸੀਂ ਜੈਪੁਰ ਦੇ ਮਸ਼ਹੂਰ ਸਥਾਨ ਵੀ ਵੇਖੇ। ਉਸਨੇ ਕਿਹਾ ਕਿ ਜੋ ਸਥਾਨ ਤੁਸੀਂ ਵੇਖੇ ਉਹਨਾਂ ਦੇ ਨਾਲ ਜੰਤਰ ਮੰਤਰ ਵੀ ਵੇਖਦੇ ਤਾਂ ਬਹੁਤ ਚੰਗਾ ਹੁੰਦਾ। ਉਸ ਨੇ ਦੱਸਿਆ ਕਿ ਜੰਤਰ ਮੰਤਰ ਵਿੱਚ ਇੱਕ ਅਜਿਹੀ ਪੁਰਾਤਨ ਘੜੀ ਹੈ ਜਿਸ ਦੇ ਸਮੇਂ ਵਿੱਚ ਅੱਜ ਤੱਕ ਇੱਕ ਸੈਕਿੰਡ

ਦਾ ਵੀ ਅੱਗਾ ਪਿੱਛਾ ਨਹੀਂ ਹੋਇਆ। ਇਸ ਤੋਂ ਇਲਾਵਾ ਉੱਥੇ ਅਜਿਹੇ ਜੰਤਰ ਲੱਗੇ ਹਨ ਜੋ ਮੰਗਲ, ਸ਼ਨੀ, ਚੰਦਰਮਾ ਆਦਿ ਗ੍ਰਹਿਆਂ ਦਾ ਧਰਤੀ ਤੇ ਕੀ ਪ੍ਰਭਾਵ ਪੈਂਦਾ ਹੈ ਉਸ ਨੂੰ ਦਰਸਾਉਂਦੇ ਹਨ। ਤੁਸੀਂ ਸਮਝ ਗਏ ਹੋਵੋਗੇ ਨਕਸ਼ਤਰਾਂ ਦੇ ਪ੍ਰਭਾਵ ਤੋਂ ਮੇਰਾ ਕੀ ਭਾਵ ਹੈ। ਮੈਂ ਕਿਹਾ ਚੰਗੀ ਤਰ੍ਹਾਂ ਸਮਝਦਾ ਹਾਂ, ਜਿਸ ਤਰ੍ਹਾਂ ਜਦੋਂ ਪੂਰਨਮਾਸ਼ੀ ਦੀ ਰਾਤ ਹੁੰਦੀ ਹੈ ਤਾਂ ਚੰਦਰਮਾ ਦੀ ਗਰੁਤਾ ਖਿੱਚ ਕਾਰਨ ਪਾਣੀ ਲਹਿਰਾਂ ਦੇ ਰੂਪ ਵਿੱਚ ਉੱਪਰ ਆਉਂਦਾ ਹੈ। ਨਾਲ ਹੀ ਮੈਂ ਇਹ ਵੀ ਕਿਹਾ ਕਿ ਇੱਕ ਹੋਰ ਵੀ ਫੋਰਸ ਹੈ ਜੋ ਇਸ ਸਾਰੇ ਗ੍ਰਹਿਆਂ ਦੇ ਪ੍ਰਭਾਵ ਨੂੰ ਖਤਮ ਕਰਨ ਦੀ ਸਮਰੱਥਾ ਰੱਖਦੀ ਹੈ। ਉਸਨੇ ਹੈਰਾਨ ਹੋ ਕੇ ਪੁੱਛਿਆ ਕਿ ਉਹ ਕਿਹੜੀ ਅਜਿਹੀ ਤਾਕਤ ਹੈ ਮੈਨੂੰ ਮਿਸਾਲ ਦੇ ਕੇ ਦੱਸੋ। ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਇਤਿਹਾਸ ਬਾਰੇ ਜਾਣਕਾਰੀ ਰੱਖਦੇ ਹੋ? ਤਾਂ ਉਸਨੇ ਕਿਹਾ ਕਿ ਮੇਰੇ ਪਿਤਾ ਜੀ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਇਤਿਹਾਸ ਦੇ ਪ੍ਰੋਫੈਸਰ ਹਨ ਇਸ ਲਈ ਮੈਨੂੰ ਥੋੜੀ ਬਹੁਤ ਜਾਣਕਾਰੀ ਹੈ। ਮੈਂ ਉਸਨੂੰ ਦੱਸਿਆ ਕਿ ਜਦੋਂ ਗੌਤਮ ਰਿਸ਼ੀ ਦੀ ਘਰਵਾਲੀ ਆਪਣੇ ਪਤੀ ਦੇ ਸਰਾਪ ਕਾਰਨ ਪੱਥਰ ਦੀ ਬਣ ਗਈ, ਹਿਲਜੁਲ ਨਹੀਂ ਸਕਦੀ ਸੀ, ਇਸ ਕਰਕੇ ਉਸਦਾ ਨਾਮ ਅਹਿਲਿਆ ਰੱਖਿਆ ਗਿਆ। ਜਦੋਂ ਵਿਸ਼ਿਸ਼ਟ ਮੁਨੀ ਜੀ ਸੀਤਾ ਸਵੰਬਰ ਵਾਸਤੇ ਉਸ ਇਲਾਕੇ ਵਿੱਚ ਗਏ ਅਤੇ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਪੈਰ ਦਾ ਸਪਰਸ਼ ਅਹਿਲਿਆ ਨੂੰ ਕਰਵਾਇਆ ਤਾਂ ਉਹ ਸਾਰੇ ਬੰਧਨਾਂ ਤੋਂ ਮੁਕਤ ਹੋ ਗਈ। ਉਹ ਕਹਿੰਦਾ ਇਹ ਗੱਲ ਤਾਂ ਠੀਕ ਹੈ, ਇਤਿਹਾਸਿਕ ਸੱਚਾਈ ਹੈ, ਪਰ ਜਿਸ ਫੋਰਸ ਦੀ ਤੁਸੀਂ ਗੱਲ ਕਰਦੇ

ਹੋ ਉਹ ਕੀ ਹੈ? ਮੈਂ ਉਸ ਨੂੰ ਦੱਸਿਆ ਕਿ ਇਹ ਰੂਹਾਨੀ ਕਿਰਨਾ ਸਪਿਰਚੁਅਲ ਰੇਜ ਹਨ ਅਤੇ ਗੁਰੂ ਪੀਰ ਪੈਗੰਬਰਾਂ ਦੇ ਚਰਨਾਂ ਵਿੱਚੋਂ ਨਿਕਲਦੀਆਂ ਹਨ। ਗੁਰੂ ਦੇ ਚਰਨ ਇਸ ਤਰ੍ਹਾਂ ਹਨ, ਜਿਵੇਂ ਇੱਕ ਦੂਰ ਦਰਸ਼ਨ ਕੇਂਦਰ ਵਿੱਚੋਂ ਸੂਕਸ਼ਮ ਤਿਰੰਗਾ ਨਿਕਲਦੀਆਂ ਹਨ ਅਤੇ ਟੈਲੀਕੋਮਨੀਕੇਸ਼ਨ ਟਾਵਰ ਰਾਹੀ ਸਾਡੇ ਟੀਵੀ ਦੇ ਐਂਟੀਨੇ ਤੱਕ ਪਹੁੰਚਦੀਆਂ ਹਨ। ਐਂਟੀਨਾ ਉਹਨਾਂ ਨੂੰ ਕੈਚ ਕਰਦਾ ਹੈ ਜਿਸ ਕਾਰਨ ਟੀਵੀ ਵਿੱਚ ਫੋਟੋ ਤੇ ਆਵਾਜ਼ ਆਉਂਦੀ ਹੈ। ਠੀਕ ਇਸੇ ਤਰ੍ਹਾਂ ਹੀ ਜਦੋਂ ਸਾਡਾ ਮੱਥਾ ਗੁਰੂ ਚਰਨਾਂ ਨੂੰ ਛੋਂਹਦਾ ਹੈ ਤਾਂ ਉਹ ਐਂਟੀਨੇ ਵਾਂਗ ਕੰਮ ਕਰਦਾ ਹੈ ਅਤੇ ਗੁਰੂ ਚਰਨਾਂ ਵਿੱਚੋਂ ਨਿਕਲੀਆਂ ਸਪਿਰਚੁਅਲ ਰੇਜ ਨੂੰ ਕੈਚ ਕਰਦਾ। ਇਸ ਨਾਲ ਜਿੱਥੇ ਬਾਹਰੀ ਗ੍ਰਹਿਆਂ ਦਾ ਪ੍ਰਭਾਵ ਖਤਮ ਹੁੰਦਾ ਹੈ ਉਸਦੇ ਨਾਲ ਨਾਲ ਸਾਡੇ ਜਨਮ ਮਰਨ ਦੇ ਦੁੱਖ ਵੀ ਕੱਟੇ ਜਾਂਦੇ ਹਨ। ਜਿਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦੇ ਆਲੇ ਦੁਆਲੇ ਫੋਟੋ ਵਿੱਚ ਇੱਕ ਪ੍ਰਕਾਸ਼ ਚੱਕਰ ਵਿਖਾਇਆ ਜਾਂਦਾ ਹੈ ਜਿਸ ਨੂੰ ਆਮ ਲੋਕ ਇੱਕ ਵਹਿਮ ਸਮਝਦੇ ਹਨ। ਪਰੰਤੂ ਸੰਨ 2000 ਵਿੱਚ ਕਰਲੀਅਨ ਨਾਮ ਦੇ ਰੂਸੀ ਵਿਗਿਆਨੀ ਨੇ ਪਾਵਰਫੁਲ ਲੈਂਜ਼ ਦੀ ਸਹਾਇਤਾ ਨਾਲ ਇਹ ਸਿੱਧ ਕਰ ਦਿੱਤਾ ਕਿ ਇਹ ਵਾਕਏ ਹੀ ਪ੍ਰਕਾਸ਼ ਚੱਕਰ ਹੁੰਦਾ ਹੈ ਜਿਸ ਨੂੰ ਔਰਾ ਕਹਿੰਦੇ ਹਨ। ਉਸ ਨੇ ਦੱਸਿਆ ਕਿ, ਐਵਰੀ ਓਬਜੈਕਟ ਆਫ ਦ ਵਰਲਡ ਹੈਜ ਐਨ ਔਰਾ। ਇਹ ਔਰਾ ਉਤਨਾ ਹੀ ਪਾਵਰਫੁਲ ਹੁੰਦਾ ਹੈ ਜਿਤਨਾ ਸਾਡਾ ਸੰਪਰਕ ਪਰਮਾਤਮਾ ਨਾਲ ਹੁੰਦਾ ਹੈ। ਅਤੇ ਗੁਰੂ ਪੀਰਾਂ ਦਾ ਸੰਪਰਕ ਹਮੇਸ਼ਾ ਹੀ ਪਰਮਾਤਮਾ

ਨਾਲ ਬਣਿਆ ਰਹਿੰਦਾ ਹੈ ਬਲਕਿ ਉਹ ਆਪ ਹੀ ਪਰਮਾਤਮਾ ਦਾ ਰੂਪ ਹੁੰਦੇ ਹਨ। ਜਦੋਂ ਅਸੀਂ ਉਹਨਾਂ ਦੇ ਦਰਸ਼ਨ ਕਰਦੇ ਹਾਂ ਤਾਂ ਉਸ ਔਰੇ ਦੇ ਪ੍ਰਭਾਵ ਕਾਰਨ ਸਾਡਾ ਮਨ ਵਾਰ ਵਾਰ ਦਰਸ਼ਨ ਨੂੰ ਲੋਚਦਾ ਹੈ। ਜਦੋਂ ਉਸਨੇ ਇਸ ਜਾਣਕਾਰੀ ਦੇ ਸੋਰਸ ਬਾਰੇ ਪੁੱਛਿਆ ਤਾਂ ਮੈਂ ਦੱਸਿਆ ਕਿ ਇਹ ਸਭ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਨਿਰੰਕਾਰੀ ਦੀ ਕਿਰਪਾ ਨਾਲ ਸੰਭਵ ਹੋਇਆ ਹੈ। ਨਿਰੰਕਾਰੀ ਮਿਸ਼ਨ ਬਾਰੇ ਵੀ ਜਾਣਕਾਰੀ ਲਈ ਅਤੇ ਕਿਹਾ ਕਿ ਮੈਂ ਅੱਗੇ ਤੋਂ ਸਮਾਗਮ ਤੇ ਆ ਕੇ ਬਾਬਾ ਜੀ ਦੇ ਦਰਸ਼ਨ ਕਰਾਂਗਾ।। ਉਸ ਨੇ ਜਗਿਆਸਾ ਵਸ ਇਸ ਵਿਸ਼ੇ ਤੇ ਹੋਰ ਵੀ ਜਾਣਕਾਰੀ ਲੈਣ ਦੀ ਇੱਛਾ ਪ੍ਰਗਟ ਕੀਤੀ ਤਾਂ ਮੈਂ ਕਿਹਾ ਕਿ ਇਸ ਵੇਲੇ ਹੁਣ ਮੈਨੂੰ ਬਹੁਤ ਥਕਾਵਟ ਹੋ ਗਈ ਹੈ ਅਤੇ ਨੀਂਦ ਆ ਰਹੀ ਹੈ ਤੁਸੀਂ ਵੀ ਆਰਾਮ ਕਰੋ। ਫਿਰ ਉਸ ਨੇ ਟੈਲੀਫੋਨ ਰਾਹੀਂ ਇਹ ਸਾਰੀ ਚਰਚਾ ਦਾ ਵਰਣਨ ਆਪਣੀ ਪਤਨੀ ਨਾਲ ਕੀਤਾ ਅਤੇ ਕਿਹਾ ਕਿ ਮੈਨੂੰ ਇਸ ਦਾ ਅਤਿਅੰਤ ਲਾਭ ਹੋਇਆ।

# 12. ਗੁਰੂ ਦੀ ਸੇਵਾ

"ਸੇਵਾ ਸਤਿਗੁਰੂ ਦੀ, ਹੈ ਸੁਖਾਂ ਦੀ ਖਾਣ
ਕਹਿੰਦੇ ਹਰਦੇਵ ਗੁਰੂ, ਸੇਵਾ ਬੜੀ ਮਹਾਨ ।"

ਸੰਨ 1996 ਦੀ ਗੱਲ ਹੈ, ਕਿ ਮੈ ਸੱਤ (7) ਨੌਜਵਾਨਾਂ ਸਮੇਤ ਸਮਾਗਮ ਦੀ ਅਡਵਾਂਸ ਸੇਵਾ ਕਰਨ ਦਿੱਲੀ ਵਿਖੇ ਗਿਆ। ਇਹਨਾ ਨੌਜਵਾਨਾਂ ਵਿੱਚ ਰੇਸ਼ਮ ਸਿੰਘ ਮਿਸਤਰੀ, ਕੁਲਦੀਪ ਟੱਕਰ, ਜਸਵੰਤ ਸਿੰਘ ਮੋਰਾਵਲੀ, ਪ੍ਰੇਮ ਕੁਮਾਰ ਸਬਜੀ ਵਾਲੇ, ਲੱਕੀ ਸਪੁੱਤਰ ਸ੍ਰੀ ਪ੍ਰਤਾਪ ਸਿੰਘ ਮਾਈ ਗੋਦੜੀ ਅਤੇ ਬਿੱਕਰ ਸਿੰਘ ਮਿਸਤਰੀ ਆਦਿ ਸ਼ਾਮਿਲ ਸਨ।

ਅਸੀਂ ਬਹੁਤ ਹੀ ਉਤਸ਼ਾਹ ਨਾਲ ਸਮਾਗਮ ਗ੍ਰਾਉਂਡ ਨੰਬਰ 2 ਵਿੱਚ ਪਰਮ ਪੂਜਯ ਭਾਈ ਸਾਹਬ ਐਚ. ਐਲ. ਅਰੋੜਾ, ਮੁੱਖ ਸੰਚਾਲਕ, ਜੀ ਨੂੰ ਹਜੂਰੀ ਰਿਪੋਟ ਪੇਸ਼ ਕੀਤੀ। ਅਰੋੜਾ ਸਾਹਬ ਬਹੁਤ ਹੀ ਨਿਮਰਤਾ ਵਾਲੇ ਹਸਮੁੱਖ ਸੇਵਾ ਦਲ ਅਧਿਕਾਰੀ ਸਨ। ਉਹਨਾਂ ਨੇ ਸਾਨੂੰ ਜੀ ਆਇਆਂ ਕਿਹਾ ਅਤੇ ਸਮਾਗਮ ਗ੍ਰਾਉਂਡ ਨੰਬਰ 2 ਦੇ ਬਾਥਰੂਮਾਂ ਆਦਿ ਦੇ ਫਰਸ਼ਾਂ

ਦੀ ਮੁਰੰਮਤ ਦਾ ਕੰਮ ਸੌਂਪਿਆ । ਪੂਰਾ ਹੀ ਹਫਤਾ ਸਾਰੇ ਜਵਾਨ ਬਹੁਤ ਹੀ ਲਗਨ ਅਤੇ ਉਤਸ਼ਾਹ ਨਾਲ ਸੇਵਾ ਕਰਦੇ ਰਹੇ। ਇਸਦੇ ਫਲ ਸਰੂਪ ਸਾਰਾ ਹੀ ਕੰਮ ਸਮੇਂ ਤੋਂ ਪਹਿਲਾਂ ਮੁਕੰਮਲ ਹੋ ਗਿਆ।

ਹਫਤੇ ਦੇ ਸਮਾਪਤ ਹੋਣ ਤੋਂ ਇੱਕ ਦਿਨ ਪਹਿਲਾਂ ਐਚ. ਐਲ. ਅਰੋੜਾ ਜੀ ਨੇ ਮੈਨੂੰ ਕਿਹਾ ਕੇ ਲੰਗਰ ਕੰਟੀਨ ਦੇ ਸਟੋਰ ਦਾ ਨਵਾਂ ਫ਼ਰਸ਼ ਪਾਉਣ ਵਾਲਾ ਹੈ। ਜੇਕਰ ਤੁਹਾਡੇ ਪਾਸ ਸਮਾਂ ਹੈ ਤਾਂ ਇਹ ਸੇਵਾ ਵੀ ਨੇਪੜੇ ਚਾੜਣ ਦੀ ਖੇਚਲ ਕਰੋ। ਸਟੋਰ ਦੀ ਫ਼ਰਸ਼ ਦਾ ਏਰੀਆ ਤਕਰੀਬਨ 500 ਵਰਗ ਫੁੱਟ ਸੀ। ਉਸ ਵਿੱਚ ਨੇੜੇ ਹੀ ਪਈਆਂ ਅੱਧੀਆਂ ਇੱਟਾਂ ਨੂੰ ਕੁੱਟ ਕੇ ਰੋੜੀ ਬਣਾਉਣੀ ਸੀ ਅਤੇ ਫਿਰ ਉਹ ਰੋੜੀ ਕੱਚੇ ਫ਼ਰਸ਼ ਉੱਪਰ ਪਾ ਕੇ ਦੁਰਮਟ ਨਾਲ ਚੰਗੀ ਤਰ੍ਹਾਂ ਕੁਟਾਈ ਕਰ ਕੇ, ਉਸ ਉੱਪਰ ਰੇਤੇ ਸੀਮੈਂਟ ਦਾ ਪਲਸਤਰ ਕਰਨਾ ਸੀ। 7 ਨੌਜਵਾਨਾਂ ਵਾਸਤੇ 1 ਦਿਨ ਵਿੱਚ ਇਹ ਸੇਵਾ ਮੁਕੰਮਲ ਕਰਨੀ ਬੇਹੱਦ ਮੁਸ਼ਕਿਲ ਸੀ। ਸਾਰੇ ਹੀ ਜਵਾਨਾਂ ਵਿੱਚ ਇੰਨਾ ਉਤਸ਼ਾਹ ਸੀ ਕਿ ਉਹ ਇੱਕ ਦਿਨ ਵਿੱਚ ਹੀ ਇਹ ਕੰਮ ਮੁਕੰਮਲ ਕਰਨਾ ਚਾਉਂਦੇ ਸਨ। ਮੈਨੂੰ ਮਹਿਸੂਸ ਹੋਇਆ ਕਿ ਕਿਸੇ ਸਕੀਮ ਤੋਂ ਬਿਨਾ ਇਹ ਕੰਮ ਪੂਰਾ ਨਹੀਂ ਕੀਤਾ ਜਾ ਸਕਦਾ।

ਸਤਿਗੁਰੂ ਦੀ ਕਿਰਪਾ ਨਾਲ ਮੇਰੇ ਦਿਮਾਗ ਵਿੱਚ ਇਹ ਵਿਚਾਰ ਆਇਆ ਕਿ ਹੋਰ ਸੇਵਾਦਲ ਦੀ ਸਹਾਇਤਾ ਲੈ ਕੇ ਇਹ ਕੰਮ ਪੂਰਾ ਕੀਤਾ ਜਾ ਸਕਦਾ ਹੈ। ਮੈਂ ਇੱਕ ਜਵਾਨ ਨੂੰ ਨਾਲ ਲੈ ਕੇ ਲੰਗਰ ਕੰਟੀਨ ਵਿੱਚ ਗਿਆ। ਕੰਟੀਨ ਦੇ ਇੰਚਾਰਜ ਤੋਂ 5 ਕਿੱਲੋ ਜਲੇਬੀਆਂ ਅਤੇ ਇੱਕ ਦੁੱਧ

ਦੀ ਬਾਲਟੀ ਦੀ ਸੇਵਾ ਮੰਗੀ। ਇਤਫ਼ਾਕ ਨਾਲ ਭਾਈ ਸਾਹਬ ਜੁਨੇਜਾ ਜੀ, ਜੋ ਕਿ ਲੰਗਰ ਕੰਟੀਨ ਦੇ ਇੰਚਾਰਜ ਸਨ, ਉੱਥੇ ਮੌਜੂਦ ਸਨ। ਉਹ ਮੈਨੂੰ ਕਹਿਣ ਲੱਗੇ, "ਭਾਈ ਸਾਹਬ ਜੀ, ਤੁਸੀਂ ਜੋ ਵੀ ਚਾਹ ਬਿਸਕੁਟਾਂ ਤੇ ਹੋਰ ਖਾਣ ਪੀਣ ਦੇ ਸਮਾਨ ਦੀ ਪਰਚੀ ਸਾਡੇ ਪਾਸ ਭੇਜਦੇ ਹੋ, ਉਹ ਸੇਵਾ ਅਸੀਂ ਖੁਸ਼ੀ ਖੁਸ਼ੀ ਕਰ ਰਹੇ ਹਾਂ। ਤੁਹਾਡੇ ਜਵਾਨ ਵੀ ਗੁਰੂ ਘਰ ਦੀ ਸੇਵਾ ਲਈ ਕੰਮ ਕਾਰ ਛੱਡ ਕੇ ਇੱਥੇ ਆਂਦੇ ਹਨ, ਉਹਨਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਨਾ ਸਾਡੀ ਜਿੰਮੇਵਾਰੀ ਹੈ। ਲੇਕਿਨ 5 ਕਿਲੋ ਜਲੇਬੀਆਂ ਅਤੇ 1 ਬਾਲਟੀ ਦੁੱਧ ਦੀ ਕੀਮਤ ਬਹੁਤ ਜ਼ਿਆਦਾ ਹੈ। ਇਸ ਲਈ ਅਸੀਂ ਇਹ ਸੇਵਾ ਕਰਨ ਤੋਂ ਅਸਮਰਥ ਹਾਂ, ਤੁਹਾਡੇ ਕੋਲ ਤਾਂ ਸਿਰਫ 7 ਹੀ ਜਵਾਨ ਹਨ, ਉਹਨਾਂ ਵਾਸਤੇ ਇਹ ਸਮੱਗਰੀ ਬਹੁਤ ਜ਼ਿਆਦਾ ਹੈ।

ਮੈਂ 500 ਰੁਪਏ ਦਾ ਨੋਟ ਆਪਣੇ ਪਰਸ ਵਿਚੋਂ ਕੱਢ ਕੇ ਉਹਨਾਂ ਵੱਲੀਂ ਵਧਾਇਆ ਅਤੇ ਬੇਨਤੀ ਕੀਤੀ ਕਿ ਲੰਗਰ ਸਟੋਰ ਦੀ ਫ਼ਰਸ਼ ਦਾ ਕਾਮ ਅੱਜ ਹੀ ਪੂਰਾ ਕਰਨਾ ਜਰੂਰੀ ਹੈ , ਇਸ ਲਈ ਮੈਂ ਹੋਰ ਸੇਵਾਦਲ ਦੀ ਸਹਾਇਤਾ ਲੈ ਕੇ ਇਹ ਕਾਮ ਪੂਰਾ ਕਰਣ ਦਾ ਪੱਕਾ ਇਰਾਦਾ ਬਣਾਇਆ ਹੈ। ਇਸਲਈ ਮੈਨੂੰ ਇਕ ਬਾਲਟੀ ਦੁੱਧ ਅਤੇ 5 ਕਿੱਲੋ ਜਲੇਬੀਆਂ ਦਿੱਤੀਆਂ ਜਾਣ। ਭਾਈ ਸਾਹਬ ਜੁਨੇਜਾ ਜੀ ਨੇ 500 ਰੁਪਏ ਦਾ ਨੋਟ ਮੇਰੇ ਹੱਥ ਵਿਚੋਂ ਲੈ ਕੇ ਮੈਨੂੰ ਹੀ ਨਮਸਕਾਰ ਕਰ ਦਿੱਤੀ ਅਤੇ ਕਿਹਾ ਕਿ ਜੇਕਰ ਅਜੇਹੀ ਗੱਲ ਹੈ ਤਾਂ ਹਰ ਤਰ੍ਹਾਂ ਦੀ ਸੇਵਾ ਤੁਹਾਡੇ ਲਈ ਹਾਜ਼ਿਰ

ਹੈ। ਉਹਨਾਂ ਨੇ ਕੰਟੀਨ ਦੇ ਸੇਵਾਦਾਰ ਨੂੰ ਹੁਕਮ ਦਿੱਤਾ ਕਿ ਇਹਨਾਂ ਨੂੰ ਇਕ ਬਾਲਟੀ ਦੁੱਧ ਅਤੇ 5 ਕਿੱਲੋ ਜਲੇਬੀਆਂ ਤੁਰੰਤ ਦੇ ਦਿਓ।

ਇਹ ਸਮਾਨ ਲੈ ਕੇ ਮੈਂ ਪਹਿਲਾਂ ਆਪਣੇ 7 ਜਵਾਨਾ ਦੀ ਦੁੱਧ ਤੇ ਜਲੇਬੀਆਂ ਨਾਲ ਸੇਵਾ ਕੀਤੀ ਤੇ ਉਹਨਾਂ ਨੂੰ ਕੰਮ ਤੇ ਲਾ ਦਿੱਤਾ। ਫਿਰ ਮੈਂ ਇੱਕ ਜਵਾਨ ਨੂੰ ਨਾਲ ਲੈ ਕੇ ਰਸਤੇ ਵਿੱਚ ਖਲੋ ਗਿਆ। ਜੋ ਵੀ ਸੇਵਾ ਦਲ ਦਾ ਜਵਾਨ ਉਥੋਂ ਲੰਘਦਾ ਉਹਨੂੰ ਰੋਕ ਕੇ ਉਸਦੀ ਡਿਊਟੀ ਦੇ ਸਮੇਂ ਬਾਰੇ ਪੁੱਛਦਾ, ਉਸ ਸਮੇਂ ਉਹ ਜਵਾਨ ਡਿਊਟੀ ਤੇ ਨਾ ਹੁੰਦਾ ਤਾਂ ਉਸਨੂੰ ਬੇਨਤੀ ਕਰਦਾ ਕਿ ਤੁਹਾਡੇ ਹਿੱਸੇ ਸਤਿਗੁਰੂ ਸੇਵਾ ਆਈ ਹੈ, ਦੁੱਧ ਪੀਓ ਜਲੇਬੀਆਂ ਖਾਓ ਅਤੇ ਇਹ ਲੰਗਰ ਸਟੋਰ ਦਾ ਫਰਸ਼ ਪੂਰਾ ਕਰਨ ਦੀ ਸੇਵਾ ਵਿੱਚ ਲੱਗ ਜਾਓ। ਹੌਲੀ ਹੌਲੀ ਬਹੁਤ ਸਾਰੇ ਜਵਾਨ ਦੁੱਧ ਤੇ ਜਲੇਬੀਆਂ ਖਾਂਦੇ ਗਏ ਅਤੇ ਸੇਵਾ ਵਿੱਚ ਲੱਗਦੇ ਗਏ।ਵੇਖਦਿਆਂ ਹੀ ਵੇਖਦਿਆਂ ਇਹ ਕੰਮ ਪੂਰਾ ਹੋਣ ਦੀ ਸੰਭਾਵਨਾ ਵੱਧ ਗਈ। ਸ਼ਾਮ ਹੋਣ ਤੱਕ ਸਤਿਗੁਰੂ ਦੀ ਕਿਰਪਾ ਨਾਲ ਲੰਗਰ ਸਟੋਰ ਦੇ ਫਰਸ਼ ਦਾ ਕੰਮ ਮੁਕੰਮਲ ਹੋ ਗਿਆ।

ਜਵਾਨਾਂ ਦੇ ਕਹਿਣ ਤੇ ਮੈਂ ਭਾਈ ਸਾਹਿਬ ਐਚ. ਐਲ. ਅਰੋੜਾ ਜੀ ਨੂੰ ਬੁਲਾ ਕੇ ਲੈ ਆਇਆ ਅਤੇ ਇਹ ਫਰਸ਼ ਦਿਖਾਇਆ। ਫਰਸ਼ ਬਹੁਤ ਸੋਹਣੀ ਤਰ੍ਹਾਂ ਪਿਆ ਹੋਇਆ ਸੀ। ਅਰੋੜਾ ਸਾਹਿਬ ਨੇ ਬਹੁਤ ਆਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਹੁਣ ਤੁਸੀਂ ਕੀ ਚਾਹੁੰਦੇ ਹੋ? ਸੇਵਾ ਦਲ ਦੇ ਜਵਾਨਾਂ ਨਾਲ ਸਲਾਹ ਕਰਕੇ ਮੈਂ ਬੇਨਤੀ ਕੀਤੀ ਕਿ ਇਸ ਲੰਗਰ

ਸਟੋਰ ਵਿੱਚ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਚਰਨ ਪਵਾ ਦਿਓ ਅਤੇ ਸਾਡੀ ਨਮਸਕਾਰ ਕਰਾ ਦਿਓ। ਉਹਨਾਂ ਨੇ ਹੱਸ ਕੇ ਕਿਹਾ ਕਿ ਬਾਬਾ ਜੀ ਪਾਸ ਇਤਨਾ ਜਿਆਦਾ ਸਮਾ ਨਹੀਂ ਹੁੰਦਾ। ਹੋਰ ਸੰਗਤਾਂ ਨੂੰ ਵੀ ਦਰਸ਼ਨ ਦੇਣੇ ਹੁੰਦੇ ਹਨ ਅਤੇ ਸ਼ਾਮ ਨੂੰ ਹੀ ਬਾਬਾ ਜੀ ਗਰਾਊਂਡ ਨੰਬਰ ਦੋ ਵਿੱਚ ਸਟੇਜ ਤੇ ਬਿਰਾਜਮਾਨ ਹੋਣਗੇ ਅਤੇ ਸੰਗਤ ਨੂੰ ਦਰਸ਼ਨ ਤੇ ਆਸ਼ੀਰਵਾਦ ਦੇਣਗੇ। ਤੁਸੀਂ ਉੱਥੇ ਜਾਇਓ ਨਮਸਕਾਰ ਦੀ ਲਾਈਨ ਵਿਚ ਤੁਹਾਡੀ ਸਪੈਸ਼ਲ ਨਮਸਕਾਰ ਕਰਵਾ ਦੇਵਾਂਗਾ।

ਜਦੋਂ ਬਾਬਾ ਜੀ ਸਟੇਜ ਤੇ ਬਿਰਾਜਮਾਨ ਹੋਏ ਤਾਂ ਅਸੀਂ ਇੱਕ ਲਾਈਨ ਬਣਾਈ। ਇੱਕ ਸੇਵਾ ਦਲ ਜਵਾਨ ਨੇ ਮੈਨੂੰ ਲਾਈਨ ਦੇ ਵਿੱਚ ਸਭ ਤੋਂ ਅੱਗੇ ਲਾਇਆ ਅਤੇ "ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਕੀ ਜੈ" ਬੋਲਦੇ ਹੋਏ ਅਸੀਂ ਸਟੇਜ ਵੱਲ ਵੱਧ ਗਏ। ਅਰੋੜਾ ਸਾਹਿਬ ਉੱਥੇ ਸਟੇਜ ਦੇ ਲਾਗੇ ਹੀ ਮੌਜੂਦ ਸਨ। ਉਹਨਾਂ ਨੇ ਮੈਨੂੰ ਕਿਹਾ ਕਿ ਤੁਸੀਂ ਆਪ ਵੀ ਨਮਸਕਾਰ ਕਰ ਲਓ ਅਤੇ ਸੇਵਾਦਾਰਾਂ ਨੂੰ ਵੀ ਨਮਸਕਾਰ ਕਰਵਾ ਲਓ। ਜੇ ਕੋਈ ਬਾਬਾ ਜੀ ਤੋਂ ਆਸ਼ੀਰਵਾਦ ਲੈਣਾ ਚਾਹੁੰਦਾ ਹੈ ਤਾਂ ਉਹ ਗੱਲ ਵੀ ਕਰ ਸਕਦਾ ਹੈ। ਮੈਂ ਪਹਿਲਾਂ ਆਪ ਬਾਬਾ ਜੀ ਨੂੰ ਨਮਸਕਾਰ ਕੀਤੀ ਅਤੇ ਮਨ ਹੀ ਮਨ ਵਿੱਚ ਸੋਚਿਆ ਕਿ ਬਾਬਾ ਜੀ ਤਾਂ ਖੁਦ ਹੀ ਅੰਤਰਯਾਮੀ ਹਨ, ਮੂੰਹੋਂ ਬੋਲ ਕੇ ਅਜਿਹੇ ਮਹਾਨ ਸਤਿਗੁਰੂ ਤੋਂ ਕੋਈ ਵਸਤੂ ਮੰਗਣਾ ਸ਼ੋਭਾ ਨਹੀਂ ਦਿੰਦਾ। ਇਸ ਤੋਂ ਪਹਿਲਾਂ ਵੀ ਮੈਨੂੰ ਬਾਬਾ ਜੀ ਪਾਸ ਜਾ ਕੇ ਨਮਸਕਾਰ ਕਰਨ ਲਈ ਅਨੇਕਾ ਮੌਕੇ ਮਿਲੇ ਤਾਂ ਮੈਂ ਆਪਣੀ ਆਦਤ ਅਨੁਸਾਰ ਕਦੇ ਵੀ ਕੋਈ ਮੰਗ ਨਹੀਂ ਕੀਤੀ । ਮੇਰਾ

ਹਮੇਸ਼ਾ ਹੀ ਇਹ ਵਿਸ਼ਵਾਸ ਬਣਿਆ ਰਿਹਾ ਹੈ ਕਿ ਜੋ ਵਸਤੂ ਮੇਰੇ ਲਈ ਸੁਖਦਾਈ ਹੈ, ਸਤਿਗੁਰੂ ਆਪ ਹੀ ਪ੍ਰਦਾਨ ਕਰਨਗੇ। ਫਿਰ ਉਥੇ ਹੀ ਖਲੋ ਕੇ ਸਾਰੇ ਜਵਾਨਾਂ ਨੇ ਵਾਰੀ ਵਾਰੀ ਨਮਸਕਾਰ ਕੀਤੀ ਅਤੇ ਕਈ ਜਵਾਨਾਂ ਨੇ ਬਾਬਾ ਜੀ ਨਾਲ ਗੱਲਬਾਤ ਕਰਕੇ ਵੀ ਆਸ਼ੀਰਵਾਦ ਮੰਗਿਆ ਅਤੇ ਭਰਪੂਰ ਖੁਸ਼ੀਆਂ ਪ੍ਰਾਪਤ ਕੀਤੀਆਂ।ਅਗਲੇ ਦਿਨ ਅਰੋੜਾ ਸਾਹਿਬ ਨੇ ਸਮਾਗਮ ਗਰਾਊਂਡ ਤੋਂ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਜਾਣ ਲਈ ਦੋ ਜੀਪਾਂ ਦਾ ਪ੍ਰਬੰਧ ਕੀਤਾ ਅਤੇ ਬਹੁਤ ਹੀ ਪਿਆਰ ਨਾਲ ਅਰੋੜਾ ਸਾਹਿਬ ਅਤੇ ਭਾਈ ਸਾਹਿਬ ਐਚ ਐਸ ਕੋਹਲੀ ਨੇ ਸਾਨੂੰ ਖੁਸ਼ੀ ਖੁਸ਼ੀ ਵਿਦਾ ਕੀਤਾ।

ਜੋ ਸਤਿਗੁਰੂ ਦੇ ਦਰ ਤੇ ਜਾ ਕੇ ਖੁਸ਼ੀ ਖੁਸ਼ੀ ਨਿਸ਼ਕਾਮ ਸੇਵਾ ਕਰਦਾ ਹੈ, ਸਤਿਗੁਰੂ ਉਸ ਦੀ ਝੋਲੀ ਸੁੱਖਾਂ ਨਾਲ ਭਰ ਦਿੰਦਾ ਹੈ। ਮੈਨੂੰ ਆਪ ਵੀ ਗੁਰੂ ਤੋਂ ਅਥਾਹ ਖੁਸ਼ੀਆਂ ਪ੍ਰਾਪਤ ਹੋਈਆਂ ਅਤੇ ਮੈਂ ਪਰਿਵਾਰ ਸਮੇਤ ਸਤਿਗੁਰੂ ਦਾ ਸ਼ੁਕਰਾਨਾ ਕਰਦਾ ਹਾਂ। ਦੁਨੀਆ ਦੀ ਹਰ ਪ੍ਰਕਾਰ ਦੀਆਂ ਖੁਸ਼ੀਆਂ ਨਾਲ ਮੇਰੀ ਜ਼ਿੰਦਗੀ ਭਰਪੂਰ ਹੈ ਅਤੇ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ।

ਰੇਸ਼ਮ ਸਿੰਘ ਮਿਸਤਰੀ ਦੀ ਜ਼ਿੰਦਗੀ ਵਿੱਚ ਵੀ ਸਤਿਗੁਰੂ ਨੇ ਅਨੇਕਾਂ ਖੁਸ਼ੀਆਂ ਪ੍ਰਦਾਨ ਕੀਤੀਆਂ। ਰੇਸ਼ਮ ਸਿੰਘ ਮਿਸਤਰੀ ਤੋਂ ਠੇਕੇਦਾਰ ਅਤੇ ਠੇਕੇਦਾਰ ਤੋਂ ਇੱਕ ਬਹੁਤ ਹੀ ਕਾਮਯਾਬ ਪ੍ਰੋਪਰਟੀ ਸਲਾਹਕਾਰ ਬਣ ਗਿਆ ਹੈ ਅਤੇ ਪਰਿਵਾਰ ਸਮੇਤ ਗੁਰੂ ਦੀ ਸੇਵਾ ਵਿੱਚ ਯੋਗਦਾਨ ਪਾ ਰਿਹਾ ਹੈ। ਕੁਲਦੀਪ ਟੱਕਰ ਦਾ ਵੀ ਬਹੁਤ ਸੋਹਣਾ ਬਿਜਨਸ ਚੱਲਿਆ

ਹੋਇਆ ਹੈ ਅਤੇ ਉਹ ਪਰਿਵਾਰ ਸਮੇਤ ਬਹੁਤ ਹੀ ਖੁਸ਼ਹਾਲ ਅਤੇ ਭਗਤੀ ਭਰਿਆ ਜੀਵਨ ਬਤੀਤ ਕਰ ਰਿਹਾ ਹੈ। ਜਸਵੰਤ ਸਿੰਘ ਮੋਰਾਵਾਲੀ ਸਤਿਗੁਰੂ ਦੀ ਕਿਰਪਾ ਨਾਲ ਮੋਰਾਵਾਲੀ ਪਿੰਡ ਦੇ ਸਰਪੰਚ ਦੀ ਸੇਵਾ ਨਿਭਾ ਰਿਹਾ ਹੈ। ਲੱਕੀ ਸਪੁੱਤਰ ਸ੍ਰੀ ਪ੍ਰਤਾਪ ਸਿੰਘ ਯੂਐਸਏ ਵਿੱਚ ਸੈਟ ਹੋ ਗਿਆ ਹੈ। ਇਸ ਤਰਹਾਂ ਜੋ ਨਿਸ਼ਕਾਮ ਸੇਵਾ ਕਰਦੇ ਹਨ, ਸਤਿਗੁਰੂ ਉਹਨਾਂ ਨੂੰ ਹਰ ਪ੍ਰਕਾਰ ਦੀਆਂ ਖੁਸ਼ੀਆਂ ਨਾਲ ਨਿਵਾਜਦਾ ਹੈ। ਅੱਜ ਦੇ ਸੇਵਾ ਦਲ ਜਵਾਨ ਇਸ ਪ੍ਰਸੰਗ ਤੋਂ ਪ੍ਰੇਰਣਾ ਲੈ ਕੇ ਗੁਰੂ ਘਰ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਸੇਵਾ ਕਰਦੇ ਹੋਏ ਹਰ ਪ੍ਰਕਾਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ।

"ਸੇਵਕ ਕਉ ਸੇਵਾ ਬਨਿ ਆਈ ॥

ਹੁਕਮੁ ਬੂਝਿ ਪਰਮ ਪਦੁ ਪਾਈ" ॥

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਰਾਗ ਗਉੜੀ; ਅੰਗ 292)*

# 13. ਭਾਗਾਂ ਵਾਲਾ ਟਰੈਕਟਰ

"ਮਨਜੀਤ ਸਿੰਘ ਟਹਿਣਾ" ਇੱਟਾਂ ਦੇ ਭੱਠੇ ਉੱਪਰ ਟਰੈਕਟਰ ਡਰਾਈਵਰ ਦੇ ਤੌਰ ਤੇ ਕੰਮ ਕਰਦੇ ਸਨ। ਇਸ ਦੇ ਨਾਲ ਨਾਲ ਸੇਵਾਦਲ ਵਿੱਚ ਬਹੁਤ ਹੀ ਇਮਾਨਦਾਰੀ ਲਗਨ ਅਤੇ ਉਤਸ਼ਾਹ ਨਾਲ ਸੇਵਾ ਕਰਦੇ ਸੀ। ਜਦੋਂ ਕਦੇ ਵੀ ਭਵਨ ਵਿੱਚ ਜਾਂ ਸਮਾਗਮ ਤੇ ਬਿਸਤਰੇ ਲਜਾਣ ਲਈ ਟਰੈਕਟਰ ਦੀ ਲੋੜ ਪੈਂਦੀ ਤਾਂ ਉਹ ਹੱਸ ਕੇ ਸੇਵਾ ਨਿਭਾਉਂਦੇ। ਇੱਕ ਵਾਰੀ ਜਦੋਂ ਮੈਂ ਸਵੇਰ ਦੀ ਸੰਗਤ ਤੇ ਸਟੇਜ ਡਿਊਟੀ ਨਿਭਾਉਣ ਗਿਆ ਤਾਂ ਵੇਖਿਆ ਕਿ ਮਨਜੀਤ ਸਿੰਘ ਦੇ ਟਰੈਕਟਰ ਟਰਾਲੀ ਉੱਪਰ ਸਮਾਲਖਾ ਜਾਣ ਲਈ ਬਿਸਤਰੇ ਲੱਦੇ ਹੋਏ ਸਨ। ਟਰੈਕਟਰ ਉੱਪਰ ਲਿਖਿਆ ਸੀ "ਭਾਗਾਂ ਵਾਲਾ ਟਰੈਕਟਰ "। ਮੈਂ ਸਤਿਗੁਰ ਦੇ ਚਰਨਾਂ ਵਿੱਚ ਅਰਦਾਸ ਕਰਕੇ ਟਰੈਕਟਰ ਸਮਾਲਖਾ ਲਈ ਰਵਾਨਾ ਕੀਤਾ। ਦਿਨ ਦੇ ਸਮੇਂ ਮਨਜੀਤ ਸਿੰਘ ਦਾ ਮੈਨੂੰ ਫੋਨ ਆਇਆ ਕਿ ਇੱਕ ਲੜਕੀ ਦੀ ਗਲਤੀ ਕਾਰਨ ਟਰੈਕਟਰ ਉਸਦੀ ਕਾਰ ਨੂੰ ਟੱਚ ਕਰ ਗਿਆ ਹੈ ਅਤੇ ਉਸਨੇ ਪੁਲਿਸ ਬੁਲਾ ਕੇ ਟਰੈਕਟਰ ਰੋਕ ਲਿਆ ਹੈ।ਇਹ ਸੁਣ ਕੇ ਮੈਂ ਲੁਧਿਆਣੇ ਤੋਂ ਕੁਝ ਮਹਾਂਪੁਰਸ਼ਾਂ ਨੂੰ ਸਮਝੌਤਾ ਕਰਾਉਣ ਲਈ ਉੱਥੇ ਬੁਲਾਇਆ ਅਤੇ ਮਨਜੀਤ ਸਿੰਘ ਨੂੰ ਕਿਹਾ ਕਿ ਤੁਸੀਂ ਨਿਮਰਤਾ ਦਾ ਪੱਲਾ ਨਹੀਂ ਛੱਡਣਾ

ਜਿਤਨੇ ਪੈਸੇ ਲੜਕੀ ਮੰਗਦੀ ਹੈ, ਦੇ ਦਿਓ। ਕਾਰ ਨੂੰ ਮਮੂਲੀ ਝਰੀਟ ਆਈ ਸੀ ਫਿਰ ਵੀ ਉਸ ਲੜਕੀ ਨੇ 3000 ਰੁਪਏ ਲੈ ਕੇ ਸਮਝੌਤਾ ਕੀਤਾ। ਭਾਗਾਂ ਵਾਲਾ ਟਰੈਕਟਰ ਸਮਾਲਖਾ ਲਈ ਰਵਾਨਾ ਹੋ ਗਿਆ। ਅੱਧੇ ਘੰਟੇ ਬਾਅਦ ਮੈਨੂੰ ਦੁਬਾਰਾ ਮਨਜੀਤ ਸਿੰਘ ਦਾ ਫੋਨ ਆਇਆ ਕਿ ਉਸੇ ਲੜਕੀ ਨੇ ਕਾਰ ਅੱਗੇ ਲਾ ਕੇ ਟਰੈਕਟਰ ਰੋਕ ਲਿਆ ਹੈ। ਮੈਂ ਕਿਹਾ ਕਿ ਧੀਰਜ ਨਾਲ ਉਸਨੂੰ ਪੁੱਛੋ ਕਿ ਹੁਣ ਕੀ ਕਹਿ ਰਹੀ ਹੈ। ਮਨਜੀਤ ਸਿੰਘ ਨੇ ਦੱਸਿਆ ਕਿ ਸਤਿਗੁਰੂ ਦੀ ਕਿਰਪਾ ਨਾਲ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੈ ਅਤੇ ਉਹ ਸਾਰੀ ਰਕਮ ਵਾਪਸ ਕਰਨ ਆਈ ਹੈ। ਮੇਰੇ ਕਹਿਣ ਤੇ ਮਨਜੀਤ ਸਿੰਘ ਨੇ ਉਹ ਰਕਮ ਸਤਿਕਾਰ ਸਹਿਤ ਉਸ ਲੜਕੀ ਤੋਂ ਪ੍ਰਾਪਤ ਕੀਤੀ ਅਤੇ ਫਿਰ ਸਮਾਲਖਾ ਵਿਖੇ ਸੇਵਾ ਲਈ ਰਵਾਨਾ ਹੋ ਗਿਆ। ਅੱਜ ਮੈਂ ਵੇਖ ਰਿਹਾ ਹਾਂ ਕਿ ਮਨਜੀਤ ਸਿੰਘ ਦੇ ਬੱਚਿਆਂ ਨੇ ਪੜ੍ਹਾਈ ਲਿਖਾਈ ਵਿੱਚ ਬਹੁਤ ਤਰੱਕੀ ਕੀਤੀ ਹੈ। ਉਸ ਦੀ ਛੋਟੀ ਲੜਕੀ ਵੀਰਪਾਲ ਕੌਰ ਬੀ ਫਾਰਮੇਸੀ ਦਾ ਕੋਰਸ ਕਰਕੇ ਵਰਕ ਪਰਮਿਟ ਉੱਪਰ ਇੰਗਲੈਂਡ ਵਿਖੇ ਕੰਮ ਕਰ ਰਹੀ ਹੈ। ਬੜੇ ਦਿਨ ਹੋਏ ਮਨਜੀਤ ਸਿੰਘ ਨੇ ਮੈਨੂੰ ਦੱਸਿਆ ਕਿ ਹੁਣ ਉਸ ਨੂੰ ਸਖਤ ਗਰਮੀ ਵਿੱਚ ਕੰਮ ਕਰਨ ਤੇ ਲਈ ਨਹੀਂ ਜਾਣਾ ਪੈਂਦਾ ਅਤੇ ਉਹ ਹਰ ਸਮੇ ਸਤਿਗੁਰੂ ਦਾ ਸ਼ੁਕਰਾਨਾ ਕਰ ਰਿਹਾ ਹੈ।

# 14. ਫਰੀਦਕੋਟ ਸਤਿਸੰਗ ਵਿੱਚ ਸੇਵਾ

1982 ਵਿੱਚ ਫਰੀਦਕੋਟ ਵਿੱਚ ਵਿਖੇ ਰਿਹਾਇਸ਼ ਰੱਖਣ ਉਪਰੰਤ ਐਤਵਾਰ ਨੂੰ ਅਸੀਂ ਅਕਸਰ ਕੋਟਕਪੂਰੇ ਸੰਗਤ ਤੇ ਜਾਂਦੇ ਸੀ। ਇਸ ਦਾ ਕਾਰਨ ਸੀ ਕਿ ਕੋਟਕਪੂਰੇ ਦੀ ਸੰਗਤ ਤੋਂ ਨਿਰੰਕਾਰੀ ਮਿਸ਼ਨ ਵਿੱਚ ਜਾਣਾ ਸ਼ੁਰੂ ਹੋਇਆ।ਉਥੋਂ ਦੇ ਮਹਾਂਪੁਰਸ਼ਾਂ ਨਾਲ ਬਹੁਤ ਜ਼ਿਆਦਾ ਤਾਲਮੇਲ ਸੀ। ਭੈਣ ਗੁਰਦੀਪ ਅਤੇ ਡਾਕਟਰ ਧਰਮ ਸਿੰਘ ਜੀ ਵੀ ਉੱਥੇ ਸੰਗਤ ਕਰਦੇ ਸਨ। ਇਸ ਦੇ ਨਾਲ ਨਾਲ ਉੱਥੇ ਮਾਤਾ ਮੀਰਾਂ ਜੀ ਅਤੇ ਗਿਆਨੀ ਜੋਗਿੰਦਰ ਸਿੰਘ ਜੀ ਦੇ ਵੀ ਦਰਸ਼ਨ ਹੋ ਜਾਂਦੇ ਸਨ।। ਭਾਈ ਸਾਹਿਬ ਕੁਲਵੰਤ ਸਿੰਘ ਅਤੇ ਭਾਈ ਸਾਹਿਬ ਧਰਮਪਾਲ ਨਰੂਲਾ ਜੀ ਦੀ ਪ੍ਰੇਰਨਾ ਨਾਲ ਫਰੀਦਕੋਟ ਭਵਨ ਜਾਣਾ ਸ਼ੁਰੂ ਹੋਇਆ।। ਇੱਕ ਦਿਨ ਜਦੋਂ ਮੈਂ ਸਤਸੰਗ ਤੇ ਗਿਆ ਤਾਂ ਮਾਤਾ ਰੇਸ਼ਮਾ ਦੇਈ ਜੀ ਫਰੀਦਕੋਟ ਦੇ ਮਹਾਨ ਗੁਰਸਿੱਖ ਨੇ ਸਟੇਜ ਸੈਕਟਰੀ ਨੂੰ ਕਹਿ ਕੇ ਦਾਸ ਨੂੰ ਬੋਲਣ ਦਾ ਟਾਈਮ ਦਵਾਇਆ। ਬਾਅਦ ਵਿੱਚ ਕਿਹਾ ਕਿ ਇਹਨਾਂ ਮਹਾਂਪੁਰਸ਼ਾਂ ਦੇ ਸ਼ਬਦ ਮੈਨੂੰ ਬਹੁਤ ਹੀ ਅੱਛੇ ਲੱਗਦੇ ਹਨ ਇਹਨਾਂ ਨੂੰ ਸੰਗਤ ਵਿੱਚ ਜਰੂਰ ਸਮਾਂ ਦਿਆ ਕਰੋ। ਹੌਲੀ ਹੌਲੀ ਭਾਈ ਸਾਹਿਬ ਵਕੀਲ ਸਿੰਘ ਜੀ ਪ੍ਰਮੁੱਖ, ਭਾਈ

ਸਾਹਿਬ ਮਦਨ ਲਾਲ ਜੀ, ਕਸ਼ਮੀਰ ਚੰਦ ਸ਼ਾਂਤ ਜੀ ਅਤੇ ਸ੍ਰੀ ਕਿਸ਼ਨ ਜੀ ਮਲਕੀਤ ਸਿੰਘ ਜੀ ਆਦਿ ਮਹਾਂਪੁਰਸ਼ਾਂ ਨਾਲ ਪ੍ਰੇਮ ਭਾਵ ਵਧਿਆ। ਹੌਲੀ ਹੌਲੀ ਸੰਗਤ ਵਿੱਚ ਜਾ ਕੇ ਯਥਾ ਸ਼ਕਤੀ ਸੇਵਾ ਕਰਨੀ ਸ਼ੁਰੂ ਕੀਤੀ। ਫੇਰ ਦਾਸ ਅਤੇ ਭਾਈ ਸਾਹਿਬ ਸੁਖਦੇਵ ਸਿੰਘ ਆਹੂਜਾ ਸੇਵਾ ਦਲ ਵਿੱਚ ਭਰਤੀ ਹੋਏ ਅਤੇ ਨਿਯਮਤ ਢੰਗ ਨਾਲ ਸੇਵਾ ਕਰਨੀ ਸ਼ੁਰੂ ਕੀਤੀ। ਭਾਈ ਸਾਹਿਬ ਮਦਨ ਲਾਲ ਜੀ ਸਮਾਗਮ ਦੀ ਐਡਵਾਂਸ ਸੇਵਾ ਲਈ ਮੈਨੂੰ ਸੇਵਾ ਦਲ ਗਰੁੱਪ ਦਾ ਇੰਚਾਰਜ ਬਣਾ ਕੇ ਭੇਜਣ ਲੱਗ ਪਏ। ਤਕਰੀਬਨ ਹਰ ਸਾਲ ਮੈਂ ਇੱਕ ਹਫਤੇ ਲਈ ਐਡਵਾਂਸ ਸੇਵਾ ਤੇ ਜਾਂਦਾ ਸੀ।ਉੱਥੇ ਕਈ ਵਾਰੀ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦੇ ਦਰਸ਼ਨ ਕਰਨ ਅਤੇ ਗੱਲਬਾਤ ਕਰਨ ਦਾ ਵੀ ਸੁਭਾਗ ਸਮਾਂ ਪ੍ਰਾਪਤ ਹੁੰਦਾ। ਹੋਰ ਵੀ ਪੁਰਾਤਨ ਕਰਮ ਯੋਗੀ ਗੁਰਸਿੱਖ ਮਿਲਦੇ ਜਿਨਾਂ ਦੀ ਜ਼ਿੰਦਗੀ ਬਾਰੇ ਜਾਣ ਕੇ ਸੇਵਾ ਦਾ ਉਤਸ਼ਾਹ ਹੋਰ ਵੀ ਵੱਧਦਾ ਅਤੇ ਗਿਆਨ ਵਿੱਚ ਪਰਪਕਤਾ ਆਉਂਦੀ। ਭਾਈ ਸਾਹਿਬ ਵਕੀਲ ਸਿੰਘ ਜੀ ਪ੍ਰਮੁੱਖ ਅਤੇ ਸੇਵਾ ਦਲ ਦੇ ਅਧਿਕਾਰੀਆਂ ਨੇ ਮੇਰਾ ਨਾਮ ਸੇਵਾ ਦਲ ਦੇ ਸਹਾਇਕ ਸ਼ਿਕਸ਼ਕ ਵਜੋਂ ਮੰਡਲ ਨੂੰ ਭੇਜਿਆ। ਸਾਲ 1995 ਵਿੱਚ ਦਾਸ ਨੂੰ ਸੇਵਾ ਦਲ ਦੇ ਸਹਾਇਕ ਸ਼ਿਕਸ਼ਕ ਦੀ ਡਿਊਟੀ ਮਿਲੀ। ਇਸ ਤਰ੍ਹਾਂ ਸੇਵਾ ਸਿਮਰਨ ਸਤਸੰਗ ਕਰਦੇ ਹੋਏ ਬਹੁਤ ਸੋਹਣਾ ਸਮਾਂ ਬਤੀਤ ਹੋਇਆ। ਸਾਲ 2005 ਵਿੱਚ ਪਰਮ ਪੂਜ ਐਚ ਐਸ ਚਾਵਲਾ ਜੀ ਫਰੀਦਕੋਟ ਵਿਖੇ ਆਏ ਅਤੇ ਮੈਨੂੰ ਖਾਸ ਤੌਰ ਤੇ ਸੰਗਤ ਵਿੱਚ ਹਾਜ਼ਰ ਰਹਿਣ ਲਈ ਕਿਹਾ। ਸਤਿਸੰਗ ਤੋਂ ਬਾਅਦ ਉਹਨਾਂ ਨੇ ਮੈਨੂੰ ਇੱਕ ਮੰਡਲ ਵੱਲੋਂ ਜਾਰੀ ਚਿੱਠੀ

ਦਿੱਤੀ ਜਿਸ ਵਿੱਚ ਮੈਨੂੰ ਫਰੀਦਕੋਟ ਬਰਾਂਚ ਦੇ ਅਕਾਊਂਟੈਂਟ ਦੀ ਸੇਵਾ ਦਿੱਤੀ ਗਈ। ਸਹਾਇਕ ਸ਼ਿਕਸ਼ਕ ਦੀ ਸੇਵਾ ਮੈਂ 2012 ਤੱਕ ਨਿਭਾਈ ਅਤੇ ਅਕਾਊਂਟੈਂਟ ਦੀ ਸੇਵਾ 2018 ਤੱਕ ਕਰਦਾ ਰਿਹਾ। ਇੱਕ ਦਿਨ ਮੈਂ ਭਾਈ ਸਾਹਿਬ ਵਿਸ਼ੇਸ਼ ਪਾਲ ਸਿੰਘ ਜੀ ਦੀ ਦੁਕਾਨ ਉੱਪਰ ਉਹਨਾਂ ਤੋਂ ਅਕਾਊਂਟਸ ਸਟੇਟਮੈਂਟ ਉੱਪਰ ਦਸਤਖਤ ਕਰਾਉਣ ਲਈ ਗਿਆ ਤਾਂ ਉਹਨਾਂ ਨੇ ਮੈਨੂੰ ਬਹੁਤ ਹੀ ਸਤਿਕਾਰ ਨਾਲ ਕੁਰਸੀ ਤੇ ਬਿਠਾਇਆ ਅਤੇ ਚਰਨਾਂ ਦੇ ਨਮਸਕਾਰ ਕਰਦੇ ਹੋਏ ਕਿਹਾ ਕਿ ਤੁਸੀਂ ਹੁਣ ਸਾਡੇ ਆਉਣ ਵਾਲੇ ਸਮੇਂ ਦੇ ਸੰਯੋਜਕ ਹੋ। ਮੈਨੂੰ ਇਹ ਘਟਨਾ ਬਹੁਤ ਹੀ ਅਜੀਬ ਲੱਗੀ ਅਤੇ ਮੈਂ ਮਹਿਸੂਸ ਕੀਤਾ ਕਿ ਇਸ ਜਿਤਨੀ ਉੱਚੀ ਸੁੱਚੀ ਸੇਵਾ ਨਿਭਾਉਣੀ ਮੇਰੇ ਵੱਸ ਦੀ ਗੱਲ ਨਹੀਂ। ਫੇਰ ਉਹਨਾਂ ਨੇ ਇੱਕ ਦਿਨ ਮੈਨੂੰ ਸੰਯੋਜਕ ਬਣਾਉਣ ਲਈ ਮੰਡਲ ਵੱਲੋਂ ਨਿਰਧਾਰਿਤ ਫੋਰਮ ਭਰਿਆ ਅਤੇ ਕਿਹਾ ਕਿ ਇਸ ਉੱਪਰ ਆਪਣੀ ਫੋਟੋ ਲਗਾ ਕੇ ਦਸਖਤ ਕਰ ਦਿਓ। ਪਰ ਮੈਂ ਉਸ ਉੱਪਰ ਸਾਈਨ ਨਹੀਂ ਕਰ ਸਕਿਆ ਕਿ ਇਤਨੀ ਵੱਡੀ ਸੇਵਾ ਨਿਭਾਉਣੀ ਮੇਰੇ ਵੱਸ ਦੀ ਗੱਲ ਨਹੀਂ। ਉਸ ਤੋਂ ਬਾਅਦ ਫਰੀਦਕੋਟ ਦੀ ਸੰਗਤ ਦੇ ਬਹੁਤ ਸਾਰੇ ਮਹਾਂਪੁਰਸ਼ ਮੈਨੂੰ ਇਹ ਸੇਵਾ ਨਿਭਾਉਣ ਲਈ ਪ੍ਰੇਰਦੇ ਰਹੇ ਪਰ ਮੇਰੇ ਮਨ ਦੀ ਅਵਸਥਾ ਪਹਿਲਾਂ ਵਰਗੀ ਹੀ ਰਹੀ। ਇੱਕ ਦਿਨ ਮੈਨੂੰ ਪਰਮ ਸਤਿਕਾਰ ਯੋਗ ਐਸਪੀ ਦੁੱਗਲ ਜੋਨਲ ਇੰਚਾਰਜ ਬਠਿੰਡਾ ਦਾ ਫੋਨ ਆਇਆ ਅਤੇ ਉਹਨਾਂ ਨੇ ਬੜੇ ਪਿਆਰ ਨਾਲ ਮੈਨੂੰ ਪ੍ਰੇਰਨਾ ਦਿੰਦੇ ਹੋਏ ਕਿਹਾ, "ਸਤਿਗੁਰੂ ਨੇ ਜੋ ਬੂਟੇ ਲਗਾਏ ਹਨ, ਉਹਨਾਂ ਨੂੰ ਪਾਣੀ ਪਾਉਣ ਤੋਂ ਤੁਸੀਂ ਇਨਕਾਰ ਕਰੋਗੇ"? ਇਹ ਗੱਲ ਸੁਣ ਕੇ ਮੈਂ ਸੰਯੋਜਕ

ਦੀ ਸੇਵਾ ਲਈ ਹਾਂ ਕਰ ਦਿੱਤੀ ਅਤੇ 18 ਮਾਰਚ 2018 ਨੂੰ ਭਰਪੂਰ ਸਤਿਸੰਗ ਜਿਸ ਵਿੱਚ ਨੇੜੇ ਤੇੜੇ ਦੀਆਂ ਬਰਾਂਚਾਂ ਦੇ ਮੁਖੀ ਅਤੇ ਸੰਯੋਜਕ ਵੀ ਆਏ ਸਨ ਦੁਗਲ ਸਾਹਿਬ ਨੇ ਮੈਨੂੰ ਦੁਪੱਟਾ ਪਹਿਨਾਇਆ ਅਤੇ ਪ੍ਰਚਾਰ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਪੱਤਰ ਵੀ ਦਿੱਤਾ। ਪੱਤਰ ਵਿੱਚ ਲਿਖਿਆ ਸੀ ਕਿ ਤੁਸੀਂ ਸੰਯੋਜਕ ਦੀ ਡਿਊਟੀ ਸਾਰੀ ਸੰਗਤ ਨੂੰ ਨਾਲ ਲੈ ਕੇ ਕਰਨੀ ਹੈ ਅਤੇ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਿੱਚ ਵਾਧਾ ਕਰਨਾ ਹੈ। ਫਰੀਦਕੋਟ ਦੀ ਸੰਗਤ ਨੇ ਮੈਨੂੰ ਜੋ ਸਤਿਕਾਰ ਦਿੱਤਾ ਅਤੇ ਅੱਜ ਤੱਕ ਵੀ ਦੇ ਰਹੇ ਹਨ ਉਸ ਦਾ ਮੈਂ ਲਫਜ਼ਾਂ ਵਿੱਚ ਵਰਣਨ ਨਹੀਂ ਕਰ ਸਕਦਾ। ਨਵੰਬਰ 2021 ਵਿੱਚ ਦਿੱਲੀ ਵਿਖੇ ਸਤਿਸੰਗ ਭਵਨ ਵਿੱਚ ਇੱਕ ਟ੍ਰੇਨਿੰਗ ਕੈਂਪ ਵਿੱਚ ਬੁਲਾਇਆ ਗਿਆ ਅਤੇ ਦੋ ਦਿਨਾਂ ਦੀ ਟ੍ਰੇਨਿੰਗ ਉਪਰੰਤ ਮੈਨੂੰ ਸਤਿਗੁਰੂ ਮਾਤਾ ਜੀ ਵੱਲੋਂ ਜਾਰੀ ਕੀਤਾ ਗਿਆ ਗਿਆਨ ਪ੍ਰਦਾਨ ਆਗਿਆ ਪੱਤਰ ਦਿੱਤਾ ਗਿਆ।ਇਸ ਸਮੇਂ ਮੈਂ ਇਹ ਡਿਊਟੀ ਨਿਭਾਉਣ ਦੀ ਤਨੋ ਮਨੋ ਕੋਸ਼ਿਸ਼ ਕਰ ਰਿਹਾ ਹਾਂ ਅਤੇ ਸਤਿਗੁਰੂ ਦੇ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਡਿਊਟੀਆਂ ਉਹਨਾਂ ਦੇ ਆਦੇਸ਼ ਅਨੁਸਾਰ ਨਿਭਾਉਣ ਦੀ ਸਮਰੱਥਾ ਬਖਸ਼ਣ।

# 15. ਸੇਵਾ ਦਾ ਫਲ

ਫਰੀਦਕੋਟ ਸੰਗਤ ਵਿੱਚ ਕੁਝ ਅਜਿਹੀਆਂ ਸ਼ਖਸ਼ੀਅਤਾਂ ਹਨ ਜਿਨਾਂ ਨੂੰ ਮੈਂ ਲੰਮੇ ਸਮੇਂ ਤੋਂ ਨਿਸ਼ਕਾਮ ਅਤੇ ਡਿਵੋਸ਼ਨ ਨਾਲ ਸੇਵਾ ਕਰਦੇ ਵੇਖਦਾ ਹਾਂ। ਸਤਿਗੁਰੂ ਨੇ ਉਹਨਾਂ ਤੇ ਮਹਾਨ ਕਿਰਪਾ ਕੀਤੀ। ਜਿੱਥੇ ਉਨਾਂ ਨੂੰ ਆਰਥਿਕ ਤੌਰ ਤੇ ਬੁਲੰਦੀਆਂ ਬਖਸ਼ੀਆਂ ਹਨ ਉਸ ਦੇ ਨਾਲ ਨਾਲ ਸੁਖੀ ਪਰਿਵਾਰਕ ਜੀਵਨ ਵੀ ਬਖਸ਼ਿਆ ਹੈ। ਇੱਥੇ ਮੈਂ ਅਜਿਹੇ ਮਹਾਨ ਸੇਵਾਦਾਰਾਂ ਵਿੱਚੋਂ ਕੁਝ ਕੁ ਦਾ ਵਰਣਨ ਕਰਾਂਗਾ।

**ਸ਼੍ਰੀ ਕਿਸ਼ਨ ਜੀ**

ਸ਼੍ਰੀ ਕਿਸ਼ਨ ਜੀ ਨੂੰ ਮੈਂ ਬਹੁਤ ਲੰਮੇ ਸਮੇਂ ਤੋਂ ਸੇਵਾ ਦੇ ਖੇਤਰ ਵਿੱਚ ਬਹੁਤ ਹੀ ਉਤਸਾਹ ਪੂਰਵਕ ਰੋਲ ਨਿਭਾਉਂਦੇ ਵੇਖ ਰਿਹਾ ਹਾਂ। ਸੇਵਾ ਦਲ ਦੇ ਸਾਰੇ ਹੀ ਮੈਂਬਰ ਉਹਨਾਂ ਦਾ ਹਿਰਦਿਉ ਸਤਿਕਾਰ ਕਰਦੇ ਹਨ ਅਤੇ ਜੋ ਵੀ ਮੰਡਲ ਦਾ ਆਦੇਸ਼ ਆਉਂਦਾ ਹੈ ਉਸ ਅਨੁਸਾਰ ਸੇਵਾ ਕਰਦੇ ਹਨ। ਤਕਰੀਬਨ ਛੇ ਸੱਤ ਸਾਲ ਪਹਿਲਾਂ ਉਹਨਾਂ ਨੂੰ ਬਹੁਤ ਹੀ ਖਤਰਨਾਕ ਬਿਮਾਰੀ ਨਾਲ ਜੂਝਣਾ ਪਿਆ। ਲੇਕਿਨ ਉਹ ਆਪਣੇ ਦ੍ਰਿੜ ਵਿਸ਼ਵਾਸ ਅਤੇ ਸਤਿਗੁਰੂ ਦੇ ਅਸ਼ੀਰਵਾਦ ਨਾਲ ਇਸ ਔਖੇ ਸਮੇਂ ਵਿੱਚੋਂ ਪਾਰ ਹੋਏ।

ਇੱਕ ਵਾਰ ਜਦੋਂ ਡਾਕਟਰਾਂ ਨੇ ਕਿਹਾ ਕਿ ਤੁਹਾਡੀ ਰੀੜ ਦੀ ਹੱਡੀ ਵਿੱਚ ਇੰਜੈਕਸ਼ਨ ਲੱਗਣਾ ਹੈ ਤਾਂ ਉਹਨਾਂ ਨੇ ਗੁਰੂ ਦਾ ਸਹਾਰਾ ਲੈ ਕੇ ਕਿਹਾ ਕਿ ਮੇਰਾ ਸਰੀਰ ਤੁਹਾਡੇ ਸਾਹਮਣੇ ਹੈ ਜੋ ਇੰਜੈਕਸ਼ਨ ਲੱਗਣਾ ਹੈ ਲਗਾਓ ਮੈਂ ਤਾਂ ਸਤਿਗੁਰੂ ਦੀ ਸੇਵਾ ਲਈ ਸਮਾਲ ਖਾ ਜਾਣਾ ਹੈ। ਡਾਕਟਰ ਅਵਿਨਾਸ਼ ਸੇਠੀ ਨੇ ਉਹਨਾਂ ਦਾ ਇਲਾਜ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਸਤਿਗੁਰੂ ਦੀ ਕਿਰਪਾ ਨਾਲ ਇਸ ਸਮੇਂ ਉਹ ਫਰੀਦਕੋਟ ਯੂਨਿਟ 42 ਤੇ ਸੰਚਾਲਕ ਦੀ ਸੇਵਾ ਬਾਖੂਬੀ ਨਿਭਾ ਰਹੇ ਹਨ ਅਤੇ ਸਤਿਗੁਰੂ ਦੀਆਂ ਆਸ਼ੀਰਵਾਦ ਦੇ ਪਾਤਰ ਬਣੇ ਹਨ।

**ਸਮਨਦੀਪ ਸਿੰਘ**

ਸਮਨਦੀਪ ਦੀ ਕਹਾਣੀ ਬੜੀ ਅਨੋਖੀ ਹੈ। ਜਦੋਂ ਉਹ ਅੱਠਵੀਂ ਦਸਵੀਂ ਵਿੱਚ ਪੜ੍ਹਦੇ ਸਨ ਤਾਂ ਉਨਾਂ ਦੇ ਪਿਤਾ ਭਾਈ ਸਾਹਿਬ ਕੁਲਬੀਰ ਸਿੰਘ ਜੋ ਕਿ ਇਸ ਸਮੇਂ ਪ੍ਰਚਾਰਕ ਦੀ ਡਿਊਟੀ ਨਿਭਾ ਰਹੇ ਹਨ ਸੰਮਨਦੀਪ ਨੂੰ ਦਿਨੇਸ਼ ਗੁਪਤਾ ਨਾਮਕ ਚਾਰਟਡ ਅਕਾਊਂਟੈਂਟ ਦੇ ਦਫਤਰ ਵਿੱਚ ਸੇਵਾ ਤੇ ਲਗਾ ਦਿੱਤਾ। ਇਸ ਹੋਣਹਾਰ ਨੌਜਵਾਨ ਨੇ ਇਤਨੀ ਲਗਨ ਤੇ ਮਿਹਨਤ ਨਾਲ ਕੰਮ ਸਿੱਖਣ ਦੀ ਕੋਸ਼ਿਸ਼ ਕੀਤੀ ਕਿ ਹੌਲੀ ਹੌਲੀ ਪੜ੍ਹਾਈ ਦੇ ਨਾਲ ਨਾਲ ਸੀਏ ਦੇ ਪੇਪਰ ਦੇਣੇ ਸ਼ੁਰੂ ਕਰ ਦਿੱਤੇ। ਜਦੋਂ ਕਦੇ ਵੀ ਪੇਪਰਾਂ ਵਿੱਚ ਅਸਫਲਤਾ ਮਿਲਦੀ ਤਾਂ ਮੇਰੇ ਪਾਸ ਆ ਕੇ ਸਾਰੀ ਮੁਸ਼ਕਿਲ ਸਾਂਝੀ ਕਰਦਾ। ਮੈਂ ਸਤਿਗੁਰੂ ਦਾ ਆਸਰਾ ਲੈ ਕੇ ਹਮੇਸ਼ਾ ਹੀ ਉਸਦਾ ਹੌਸਲਾ ਵਧਾਉਣਾ ਅਤੇ ਕਹਿੰਦਾ ਕਿ ਤੁਸੀਂ ਹਰ ਹਾਲਤ ਵਿੱਚ ਇੱਕ ਕਾਮਯਾਬ ਸੀ ਇਹ ਬਣਨਾ ਹੀ ਹੈ। ਬਹੁਤ ਲੰਬੇ ਸੰਘਰਸ਼ ਤੋਂ ਬਾਅਦ ਉਸ ਦੀ

ਮਿਹਨਤ ਰੰਗ ਲਿਆਈ ਅਤੇ ਅੱਜ ਉਹ ਇੱਕ ਬਹੁਤ ਹੀ ਕਾਮਯਾਬ ਦੇ ਪ੍ਰੋਫੈਸ਼ਨ ਵਿੱਚ ਸੀ.ਏ. ਅੱਗੇ ਤੋਂ ਅੱਗੇ ਵੱਧ ਰਿਹਾ ਹੈ। ਇਸ ਦੇ ਨਾਲ ਨਾਲ ਸੇਵਾ ਦਲ ਵਿੱਚ ਉਸਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਉਸ ਦਾ ਨਾਂ ਸਹਾਇਕ ਸ਼ਿਕਸ਼ਕ ਦੇ ਤੌਰ ਤੇ ਮੰਡਲ ਨੂੰ ਭੇਜਿਆ ਅਤੇ ਪਰਮ ਪੂਜਿਆ ਵੀਡੀ ਨਾਗਪਾਲ ਜੀ ਨੂੰ ਬੇਨਤੀ ਕਰਕੇ ਉਸ ਨੂੰ ਸੇਵਾ ਦਲ ਅਧਿਕਾਰੀ ਬਣਾਇਆ। ਅੱਜ ਕੱਲ ਸੰਮਨਦੀਪ ਜੀ ਸੇਵਾ ਦਲ ਯੂਨਿਟ 42 ਦੇ ਸ਼ਿਕਸ਼ਕ ਦੇ ਤੌਰ ਤੇ ਬਾਖੂਬੀ ਸੇਵਾ ਨਿਭਾ ਰਹੇ ਹਨ ਅਤੇ ਉਨਾਂ ਦੀ ਜ਼ਿੰਦਗੀ ਇੱਕ ਸਕਸੈਸ ਸਟੋਰੀ ਹੈ।

**ਅਸ਼ੋਕ ਚਾਵਲਾ ਜੀ**

ਅਸ਼ੋਕ ਚਾਵਲਾ ਜੋ ਕਿ ਫਰੀਦਕੋਟ ਦੀ ਸੰਗਤ ਦਾ ਬਹੁਤ ਹੀ ਸ਼ਰਧਾਵਾਨ ਗੁਰਸਿੱਖ ਹੈ, ਮੇਰੇ ਘਰ ਬਿਜਲੀ ਦੀ ਰਿਪੇਅਰ ਦਾ ਕੰਮ ਕਰਦਾ ਸੀ ਅਤੇ ਕਮਿਆਨਾ ਗੇਟ ਵਿਖੇ ਉਸਦੀ ਛੋਟੀ ਜਿਹੀ ਦੁਕਾਨ ਸੀ। ਇੱਕ ਨਿਪੁੰਨ ਇਲੈਕਟ੍ਰੀਸ਼ਨ ਹੋਣ ਤੋਂ ਇਲਾਵਾ ਉਹ ਕਾਫੀ ਇੰਟੈਲੀਜੈਂਟ ਵੀ ਸੀ। ਮੈਨੂੰ ਮਹਿਸੂਸ ਹੋਇਆ ਕਿ ਇਹ ਜਵਾਨ ਕਿਸੇ ਬਾਹਰਲੇ ਦੇਸ਼ ਵਿੱਚ ਜਾ ਕੇ ਆਪਣਾ ਕਰੀਅਰ ਸ਼ੁਰੂ ਕਰ ਸਕਦਾ। ਪਹਿਲਾਂ ਤਾਂ ਉਸਨੇ ਹਿਚਕਚਾਹਟ ਮਹਿਸੂਸ ਕੀਤੀ ਪਰ ਫਿਰ ਸਤਿਗੁਰੂ ਦੀ ਕਿਰਪਾ ਨਾਲ ਉਸਦੇ ਮਨ ਵਿੱਚ ਇਸ ਗੱਲ ਨਾਲ ਸਹਿਮਤੀ ਬਣ ਗਈ। ਪੜ੍ਹਾਈ ਛੱਡੀ ਨੂੰ ਬਹੁਤ ਲੰਮਾ ਸਮਾਂ ਹੋ ਗਿਆ ਸੀ। ਦੁਕਾਨਦਾਰੀ ਅਤੇ ਘਰਾਂ ਵਿੱਚ ਬਿਜਲੀ ਦੀ ਰਿਪੇਅਰ ਦਾ ਕੰਮ ਕਰਨ ਦੇ ਨਾਲ ਨਾਲ ਉਸ ਨੇ ਆਈਲੈਟਸ ਦੀ ਤਿਆਰੀ ਕੀਤੀ। ਪਹਿਲੀ ਵਾਰ ਬਹੁਤ ਘੱਟ

ਬੈਂਡ ਆਏ। ਉਹ ਮਾਯੂਸ ਹੋ ਕੇ ਮੇਰੇ ਕੋਲ ਆਇਆ ਅਤੇ ਦੱਸਿਆ ਕਿ ਮੇਰੇ ਬੈਂਡ ਬਹੁਤ ਘੱਟ ਆਏ ਹਨ ਇਹ ਕੰਮ ਮੈਨੂੰ ਮੁਸ਼ਕਿਲ ਲੱਗਦਾ ਹੈ। ਮੈਂ ਉਸ ਨੂੰ ਹੌਸਲਾ ਦਿੱਤਾ ਅਤੇ ਸਤਿਗੁਰੂ ਦਾ ਆਸਰਾ ਲੈ ਕੇ ਕਿਹਾ ਕਿ ਤੁਸੀਂ ਹਰ ਹਾਲਤ ਵਿੱਚ ਆਸਟਰੇਲੀਆ ਜਾ ਕੇ ਸੈੱਟ ਹੋਣਾ ਹੈ। ਫਿਰ ਤਿਆਰੀ ਕਰੋ ਅਤੇ ਪੇਪਰ ਦਿਓ। ਦੂਜੀ ਵਾਰੀ ਵੀ ਨੰਬਰ ਘੱਟ ਆਏ ਅਤੇ ਫਿਰ ਤੀਜੀ ਵਾਰੀ ਪੇਪਰ ਦੇਣ ਲਈ ਉਤਸਾਹਿਤ ਕੀਤਾ।ਤੀਜੀ ਵਾਰੀ ਪੇਪਰ ਦੇਣ ਤੇ ਪੌਣੇ ਪੰਜ ਬੈਂਡ ਆਏ ਅਤੇ ਅਸ਼ੋਕ ਜੀ ਬਹੁਤ ਮਾਯੂਸ ਹੋ ਗਏ। ਚੌਥੀ ਵਾਰੀ ਪੇਪਰ ਦੇਣ ਬਾਰੇ ਮੈਂ ਵੀ ਉਸਨੂੰ ਨਹੀਂ ਕਿਹਾ ਅਤੇ ਸਤਿਗੁਰੂ ਦੇ ਚਰਨਾਂ ਵਿੱਚ ਉਸਦੀ ਕਾਮਯਾਬੀ ਦੀ ਅਰਦਾਸ ਕੀਤੀ ਅਤੇ ਕਿਹਾ ਕਿ ਪਤਾ ਨਹੀਂ ਕਿਉਂ ਮੇਰਾ ਮਨ ਕਹਿੰਦਾ ਹੈ ਤੁਸੀਂ ਆਸਟਰੇਲੀਆ ਹੀ ਜਾਣਾ ਹੈ। ਥੋੜੇ ਦਿਨਾਂ ਬਾਅਦ ਉਹ ਮਠਿਆਈ ਦਾ ਡੱਬਾ ਲੈ ਕੇ ਹੱਸਦਾ ਹੱਸਦਾ ਮੇਰੇ ਪਾਸ ਆਇਆ ਅਤੇ ਦੱਸਿਆ ਕਿ ਉਸ ਨੂੰ ਗਰੇਸ ਮਾਰਕਸ ਮਿਲ ਗਏ ਹਨ ਅਤੇ ਬਾਹਰ ਜਾਣ ਲਈ ਲੋੜੀ ਦੇ ਪੰਜ ਬੈਂਡ ਬਣ ਗਏ ਹਨ। ਹੁਣ ਇੱਕ ਇੰਟਰਵਿਊ ਬਾਕੀ ਹੈ। ਅਸੀਂ ਫਿਰ ਸਤਿਗੁਰ ਦੇ ਚਰਨਾਂ ਵਿੱਚ ਉਸ ਦੀ ਕਾਮਯਾਬੀ ਲਈ ਅਰਦਾਸ ਕੀਤੀ। ਇੱਕ ਦਿਨ ਜਦੋਂ ਮੈਂ ਉਸਦੀ ਦੁਕਾਨ ਤੇ ਬਿਜਲੀ ਦਾ ਸਮਾਨ ਲੈਣ ਗਿਆ ਤਾਂ ਇੰਟਰਵਿਊ ਲੈਣ ਲਈ ਉੱਥੇ ਐਗਜ਼ਾਮੀਨਰ ਆਏ ਹੋਏ ਸਨ। ਉਨਾਂ ਨੇ ਮੈਨੂੰ ਅਸ਼ੋਕ ਜੀ ਦੇ ਕੰਮ ਬਾਰੇ ਪੁੱਛਿਆ ਤਾਂ ਮੈਂ ਦੱਸਿਆ ਕਿ ਇਹ ਬਹੁਤ ਸਾਰੀਆਂ ਕੋਠੀਆਂ ਵਿੱਚ ਬਿਜਲੀ ਦੀ ਫਿਟਿੰਗ ਦਾ ਬਹੁਤ ਚੰਗਾ ਕੰਮ ਕਰਦਾ ਹੈ ਅਤੇ ਆਪਣੇ ਕੰਮ ਵਿੱਚ ਮਾਹਰ ਹੈ। ਮੇਰੇ ਘਰ ਜਦੋਂ

ਬਿਜਲੀ ਦਾ ਕੋਈ ਫਾਲਟ ਪੈਦਾ ਹੁੰਦਾ ਹੈ ਤਾਂ ਮੈਂ ਇਸਨੂੰ ਫੋਨ ਕਰਦਾ ਹਾਂ ਅਤੇ ਇਹ ਬਹੁਤ ਘੱਟ ਸਮੇਂ ਵਿੱਚ ਜਾ ਕੇ ਫਾਲਟ ਦੂਰ ਕਰ ਦਿੰਦਾ ਹੈ। ਅਸ਼ੋਕ ਜੀ ਦੀ ਇੰਟਰਵਿਊ ਕਲੀਅਰ ਹੋ ਗਈ ਅਤੇ ਆਸਟਰੇਲੀਆ ਦਾ ਵੀਜ਼ਾ ਮਿਲ ਗਿਆ। ਹੁਣ ਮੈਲਬੌਰਨ ਵਿੱਚ ਉਹਨਾਂ ਦਾ ਆਪਣਾ ਬਹੁਤ ਚੰਗਾ ਕਾਰੋਬਾਰ ਹੈ ਅਤੇ ਆਪਣੇ ਪਰਿਵਾਰ ਵਿੱਚ ਖੁਸ਼ੀ ਖੁਸ਼ੀ ਸਤਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਰਹਿ ਰਹੇ ਹਨ। ਬੱਚੇ ਵੀ ਬਹੁਤ ਹੋਣਹਾਰ ਹਨ ਅਤੇ ਪੜ੍ਹ ਲਿਖ ਕੇ ਚੰਗੀਆਂ ਜੋਬਸ ਕਰ ਰਹੇ। ਜਦੋਂ ਕਿਤੇ ਵੀ ਫੋਨ ਤੇ ਮੇਰੇ ਨਾਲ ਗੱਲ ਹੁੰਦੀ ਹੈ ਤਾਂ ਕਹਿੰਦੇ ਹਨ ਕਿ ਅੰਕਲ ਜੀ ਭਵਨ ਵਿੱਚ ਕੋਈ ਸੇਵਾ ਹੋਵੇ ਤਾਂ ਮੈਨੂੰ ਦੱਸਿਆ ਕਰੋ ਅਤੇ ਮਾਇਆ ਦੀ ਖੁੱਲੇ ਰੂਪ ਵਿੱਚ ਸੇਵਾ ਕਰਦੇ ਵੀ ਹਨ।

**ਜਸ਼ਨ ਟਹਿਣਾ**

ਇਹ ਨੌਜਵਾਨ ਬਚਪਨ ਤੋਂ ਹੀ ਪਰਿਵਾਰ ਸਮੇਤ ਗੁਰੂ ਘਰ ਦੀ ਸੇਵਾ ਵਿੱਚ ਸਮਰਪਿਤ ਹੈ ਅਤੇ ਇਸ ਦੇ ਮਾਤਾ ਪਿਤਾ ਇਸ ਦੀ ਪੜ੍ਹਾਈ ਬਾਰੇ ਅਕਸਰ ਹੀ ਮੈਥੋਂ ਸਲਾਹ ਲਿਆ ਕਰਦੇ ਸਨ। ਬਹੁਤ ਜਿਆਦਾ ਆਰਥਿਕ ਤੰਗੀਆਂ ਦੇ ਬਾਵਜੂਦ ਇਹ ਨੌਜਵਾਨ ਬੀਟੈਕ ਸਿਵਲ ਇੰਜੀਨੀਅਰਿੰਗ ਤੇ ਡਿਗਰੀ ਪ੍ਰਾਪਤ ਕਰ ਗਿਆ। ਕਿਉਂਕਿ ਸਧਾਰਨ ਕਾਲਜਾਂ ਵਿੱਚ ਬੀਟੈਕ ਕਰਨ ਵਾਲੇ ਇੰਜਨੀਅਰ ਨੂੰ ਚੰਗੀ ਨੌਕਰੀ ਮਿਲਣੀ ਮੁਸ਼ਕਿਲ ਹੈ ਮੈਂ ਇਸ ਲਈ ਜਸ਼ਨ ਅਤੇ ਉਸਦੇ ਮਾਤਾ ਪਿਤਾ ਨੂੰ ਸਲਾਹ ਦਿੱਤੀ ਕਿ ਇਸ ਨੂੰ ਚੰਡੀਗੜ੍ਹ ਵਿਖੇ ਸਰਕਾਰੀ ਜੋਬਸ ਲਈ ਕੰਪੀਟੀਟਿਵ ਐਗਜਾਮ ਦੀ ਤਿਆਰੀ ਲਈ ਕੋਚਿੰਗ ਸੈਂਟਰ ਤੇ ਭੇਜੋ।

ਜਸ਼ਨ ਨੂੰ ਕਿਹਾ ਕਿ ਜਿਤਨਾ ਚਿਰ ਤੈਨੂੰ ਸਰਕਾਰੀ ਜੋਬ ਨਹੀਂ ਮਿਲ ਜਾਂਦੀ ਤੂੰ ਪਿੰਡ ਵਾਪਸ ਨਹੀਂ ਆਉਣਾ। ਦੋ ਸਾਲ ਦੀ ਸਖਤ ਮਿਹਨਤ ਤੋਂ ਬਾਅਦ ਸਤਿਗੁਰੂ ਨੇ ਕਿਰਪਾ ਕੀਤੀ ਅਤੇ ਉਸਨੂੰ ਪੋਲਿਊਸ਼ਨ ਕੰਟਰੋਲ ਬੋਰਡ ਪੰਜਾਬ ਵਿੱਚ ਜੇਈ ਦੀ ਸਰਕਾਰੀ ਨੌਕਰੀ ਮਿਲ ਗਈ। ਪਹਿਲੀ ਤਨਖਾਹ ਉਸ ਨੇ ਸਤਿਗੁਰੂ ਦੇ ਚਰਨਾਂ ਵਿੱਚ ਅਰਪਣ ਕੀਤੀ। ਸੇਵਾ ਦਲ ਵਿੱਚ ਉਸ ਦਾ ਉਤਸ਼ਾਹ ਵੇਖਦਿਆਂ ਹੋਇਆ ਸਹਾਇਕ ਸ਼ਿਕਸ਼ਕ ਵਾਸਤੇ ਉਸਦਾ ਨਾਮ ਮੰਡਲ ਨੂੰ ਭੇਜਿਆ ਗਿਆ ਜਿਸ ਵਿੱਚ ਉਹ ਕਾਮਯਾਬ ਹੋਇਆ ਅਤੇ 8 ਜੂਨ ਨੂੰ ਦਿੱਲੀ ਤੋਂ ਅਧਿਕਾਰੀ ਉਸਨੂੰ ਨਿਯੁਕਤੀ ਪੱਤਰ ਦੇ ਕੇ ਗਏ। ਦੂਸਰੇ ਨੌਜਵਾਨ ਵੀ ਇਸ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ।

# 16. ਨਮਨ ਧੀਰ ਕ੍ਰਿਕਟ ਪਲੇਅਰ

ਅੱਜ ਕੱਲ ਤੁਸੀਂ ਆਈਪੀਐਲ ਦੇ ਕ੍ਰਿਕਟ ਮੈਚਾਂ ਵਿੱਚ ਇੱਕ ਕ੍ਰਿਕਟ ਖਿਡਾਰੀ ਨਮਨ ਧੀਰ ਨੂੰ ਵੀ ਵੇਖਦੇ ਹੋਵੋਗੇ। ਨਮਨ ਧੀਰ ਦੇ ਮਾਤਾ ਪਿਤਾ ਅਤੇ ਭੈਣਾਂ ਨਿਰੰਕਾਰੀ ਮਿਸ਼ਨ ਵਿੱਚ ਵਿਸ਼ਵਾਸ ਰੱਖਣ ਵਾਲਾ ਪਰਿਵਾਰ ਹੈ। ਨਮਨ ਧੀਰ ਨੂੰ ਮੈਂ ਉਸਦੇ ਬਚਪਨ ਤੋਂ ਹੀ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਸਮੇਂ-ਸਮੇਂ ਤੇ ਕ੍ਰਿਕਟ ਦੀ ਖੇਡ ਪ੍ਰਤੀ ਉਸਦਾ ਉਤਸ਼ਾਹ ਵਧਾਉਂਦਾ ਰਿਹਾ ਹਾਂ। ਸਾਲ 2022 ਵਿੱਚ ਫਿਰੋਜ਼ਪੁਰ ਜ਼ੋਨ ਦੀ ਟੀਮ ਨੇ ਸਮਾਲਖਾ ਸੰਤ ਨਿਰੰਕਾਰੀ ਅਧਿਆਤਮਕ ਸਥਲ ਵਿਖੇ ਕ੍ਰਿਕਟ ਟੂਰਨਾਮੈਂਟ ਵਿੱਚ ਭਾਗ ਲੈਣਾ ਸੀ। ਫਰੀਦਕੋਟ ਦੇ ਹੀ ਕ੍ਰਿਕਟ ਖਿਡਾਰੀ ਹਨੀ ਚਾਵਲਾ ਜਿਸ ਨੂੰ ਫਿਰੋਜ਼ਪੁਰ ਜ਼ੋਨ ਦੀ ਟੀਮ ਦਾ ਕਪਤਾਨ ਬਣਾਇਆ ਗਿਆ ਸੀ ਨੇ ਮੈਨੂੰ ਫੋਨ ਤੇ ਬੇਨਤੀ ਕੀਤੀ ਕਿ ਜੇ ਤੁਸੀਂ ਨਮਨ ਧੀਰ ਨੂੰ ਸਾਡੀ ਟੀਮ ਵਿੱਚ ਭੇਜ ਦਿਓ ਤਾਂ ਅਸੀਂ ਜਿੱਤ ਸਕਦੇ ਹਾਂ। ਨਮਨ ਧੀਰ ਕ੍ਰਿਕਟ ਦੇ ਵੱਡੇ ਖਿਡਾਰੀ ਸ਼ੁਭਮ ਗਿੱਲ ਦੇ ਮੁਕਾਬਲੇ ਦਾ ਪਲੇਅਰ ਸੀ ਪਰ ਕਿਸੇ ਕਾਰਨ ਕਰਕੇ ਤਰੱਕੀ ਨਹੀਂ ਸੀ ਕਰ ਸਕਿਆ। ਮੈਂ ਉਸ ਦੇ ਪਿਤਾ ਨਰੇਸ਼ ਧੀਰ ਅਤੇ ਮਾਤਾ ਰੂਪਮਾ ਨੂੰ ਪ੍ਰੇਰਨਾ ਦਿੱਤੀ ਕਿ ਤੁਸੀਂ ਨਮਨ ਨੂੰ ਟੂਰਨਾਮੈਂਟ ਵਿੱਚ ਭੇਜੋ ਜੋ ਉਸਦੇ ਕ੍ਰਿਕਟ

ਕੈਰੀਅਰ ਵਿੱਚ ਰੁਕਾਵਟ ਆਈ ਹੈ ਸਤਿਗੁਰੂ ਦੀ ਕਿਰਪਾ ਨਾਲ ਦੂਰ ਹੋ ਜਾਵੇਗੀ। ਉਨਾਂ ਨੇ ਮੇਰੀ ਗੱਲ ਨੂੰ ਸਤਿਗੁਰੂ ਦਾ ਆਦੇਸ਼ ਸਮਝ ਕੇ ਪ੍ਰਵਾਨ ਕੀਤਾ ਅਤੇ ਨਮਨ ਧੀਰ ਦੇ ਅਤਿਅੰਤ ਰੁਝੇਵਿਆਂ ਵਿੱਚੋਂ ਉਸ ਨੂੰ ਹਨੀ ਚਾਵਲਾ ਨਾਲ ਸਮਾਲ ਖਾ ਵਿਖੇ ਕ੍ਰਿਕਟ ਖੇਡਣ ਲਈ ਭੇਜਿਆ। ਨਮਨ ਧੀਰ ਨੇ ਬਹੁਤ ਹੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਫਿਰੋਜ਼ਪੁਰ ਜ਼ੋਨ ਦੀ ਟੀਮ ਨੇ ਉੱਚਾ ਸਥਾਨ ਹਾਸਲ ਕੀਤਾ। ਉਸ ਨੂੰ ਮੈਨ ਆਫ ਦਾ ਮੈਚ ਵੀ ਐਲਾਨਿਆ ਗਿਆ। ਰਾਜ ਪਿਤਾ ਰਮਿਤ ਚਾਂਦਨਾ ਜੀ ਨੇ ਨਮਨ ਧੀਰ ਨੂੰ ਆਪਣੇ ਪਾਸ ਬੁਲਾ ਕੇ ਸਤਿਗੁਰੂ ਦਾ ਅਸ਼ੀਰਵਾਦ ਪ੍ਰਦਾਨ ਕੀਤਾ। ਥੋੜੇ ਦਿਨਾਂ ਬਾਅਦ ਨਮਨ ਧੀਰ ਮੇਰੇ ਘਰ ਮਿਠਾਈ ਦਾ ਡੱਬਾ ਲੈ ਕੇ ਆਇਆ। ਖੁਸ਼ੀ ਦਾ ਕਾਰਨ ਪੁੱਛਣ ਤੇ ਉਸਨੇ ਦੱਸਿਆ ਕਿ ਮੇਰੀ ਰੰਜੀ ਟਰੋਫੀ ਦੀ ਟੀਮ ਵਿੱਚ ਸਲੈਕਸ਼ਨ ਹੋ ਗਈ। ਤੇ ਮੈਂ ਨਵੀਂ ਕਾਰ ਵੀ ਖਰੀਦੀ। ਉਸ ਦੇ ਮਾਤਾ ਪਿਤਾ ਤੇ ਨਮਨ ਧੀਰ ਨੂੰ ਇਸ ਗੱਲ ਦਾ ਪੂਰਨ ਤੌਰ ਤੇ ਵਿਸ਼ਵਾਸ ਸੀ ਕਿ ਸਤਿਗੁਰੂ ਦੀ ਕਿਰਪਾ ਦੇ ਨਾਲ ਉਸਨੂੰ ਇਹ ਮਹਾਨ ਕਾਮਯਾਬੀ ਹਾਸਿਲ ਹੋਈ ਹੈ। ਅੱਜ ਵੀ ਸਾਰਾ ਪਰਿਵਾਰ ਸਤਿਗੁਰ ਦਾ ਸ਼ੁਕਰ ਗੁਜ਼ਾਰ ਹੈ। ਇਸ ਸਾਲ ਦੇ ਆਈਪੀਐਲ ਵਿੱਚ ਨਮਨ ਧੀਰ ਨੇ ਮੁੰਬਈ ਇੰਡੀਅਨਜ਼ ਦੀ ਟੀਮ ਵਿੱਚ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਪ੍ਰੇਰਨਾਦਾਇਕ ਪ੍ਰਸੰਗ ਦਾ ਸਾਰਾਂਸ਼ ਇਹੀ ਹੈ ਕਿ ਜਦੋਂ ਅਸੀਂ ਸਤਿਗੁਰੂ ਦਾ ਆਦੇਸ਼ ਮੰਨ ਕੇ ਅਤੇ ਸਤਿਗੁਰੂ ਨੂੰ ਆਪਣੀ ਜ਼ਿੰਦਗੀ ਵਿੱਚ ਸ਼ਾਮਿਲ ਕਰਕੇ ਕੋਈ ਵੱਡੇ ਤੋਂ ਵੱਡਾ ਕੰਮ ਕਰਦੇ ਹਾਂ ਤਾਂ ਸਤਿਗੁਰੂ ਸਾਡੇ ਅੰਗ ਸੰਗ ਸਹਾਈ ਹੁੰਦਾ ਹੈ ਅਤੇ

ਸਾਡੇ ਰਸਤੇ ਦੀਆਂ ਸਾਰੀਆਂ ਰੁਕਾਵਟਾਂ ਖਤਮ ਹੋ ਜਾਂਦੀਆਂ ਹਨ। ਨਮਨ ਧੀਰ ਦੀ ਇਸ ਸਟੋਰੀ ਤੋਂ ਪ੍ਰੇਰਨਾ ਲੈ ਕੇ ਅਸੀਂ ਵੀ ਸਤਿਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰ ਸਕਦੇ ਹਾਂ।

# 17. ਬਿਮਾਰੀ: ਗੁਰੂ ਕਿਰਪਾ ਨਾਲ ਪਿਆਰੀ

" ਜੱਗ ਦਾ ਮਲਿਕ ਯਾਦ ਹੋਵੇ ਤਾਂ, ਦੁੱਖ ਵੀ ਦਿੰਦਾ ਦੁੱਖ ਨਹੀਂ,
ਜੱਗ ਦਾ ਮਲਿਕ ਯਾਦ ਹੋਵੇ ਤਾਂ, ਰਹਿੰਦੀ ਕੋਈ ਭੁੱਖ ਨਹੀਂ ।"

ਨਵੰਬਰ 2023 ਵਿਚ ਮੈਂ ਅਤੇ ਮੇਰੀ ਧਰਮ ਪਤਨੀ ਅਮਰੀਕਾ ਵਿਖੇ, ਬੇਟੀ ਮਨਦੀਪ, ਦਾਮਾਦ ਮਨਜਿੰਦਰ ਅਤੇ ਬੱਚਿਆਂ ਕੋਲ ਗਏ ਅਤੇ ਉਥੇ ਬਹੁਤ ਸੋਹਣਾ ਸਮਾਂ ਗੁਜਾਰਿਆ। ਮਾਰਚ 2024 ਵਿੱਚ ਬੇਟੇ ਸਮਦੀਸ਼ ਵਾਸਤੇ ਨਵੀਂ ਕਾਰ ਟੋਯੋਟਾ ਹਾਈਰਾਈਡਰ ਦਿੱਲੀ ਵਿਖੇ ਜਾ ਕੇ ਖਰੀਦੀ। ਸੰਜੋਗ ਵੱਸ ਛੋਟੇ ਦਾਮਾਦ ਅਮਿਤ ਕੁਮਾਰ ਨੇ ਭਾਰਤ ਦੇ ਸੱਭ ਤੋਂ ਵੱਡੇ ਆਰਮੀ ਦੇ ਹਸਪਤਾਲ ਵਿਚੋਂ ਦਿੱਲੀ ਵਿਖੇ ਡੀ ਐਮ ਡਾਕਟਰ (DM Doctor) ਦੀ ਡਿਗਰੀ ਪ੍ਰਾਪਤ ਕੀਤੀ। ਮਾਰਚ ਮਹੀਨੇ ਵਿੱਚ ਹੀ ਬੇਟੀ ਸਿਮਰਤ ਅਤੇ ਅਮਿਤ ਨੂੰ ਸਵਾਮੀ ਰਾਮਾ ਹੈਲਥ ਯੂਨਿਵਰਸਿਟੀ, ਜੌਲੀ ਗਰਾਂਟ, ਦੇਹਰਾਦੂਨ ਵਿਖੇ ਅਸਿਸਟੈਂਟ ਪ੍ਰੋਫੈਸਰ ਮਨੋਵਿਗਿਆਨ ਅਤੇ

ਕ੍ਰਿਟਇਕਲ ਕੇਅਰ ਦੀਆਂ ਪੋਸਟਾਂ ਮਿਲ ਗਈਆਂ। ਨਾਲ ਹੀ ਯੂਨੀਵਰਸਿਟੀ ਦੇ ਕੰਪਲੈਕਸ ਵਿੱਚ ਹੀ ਰਿਹਾਇਸ਼ ਵੀ ਮਿਲ ਗਈ।

ਮੈਂ ਅਤੇ ਮੇਰੀ ਧਰਮ ਪਤਨੀ ਕਾਰ ਰਾਹੀਂ ਦਿੱਲੀ ਤੋਂ ਫ਼ਰੀਦਕੋਟ ਵਿਖੇ ਆਏ ਤਾਂ ਅਗਲੇ ਦਿਨ ਮੇਰੇ ਪੇਟ ਵਿੱਚ ਹਲਕਾ ਹਲਕਾ ਦਰਦ ਹੋਣ ਲੱਗ ਪਿਆ। ਅਸੀਂ ਸੋਚਿਆ ਕਿ ਕਾਰ ਦੀ ਸੀਟ ਬੈਲਟ ਲਾ ਕੇ ਲੰਮਾ ਸਫਰ ਕਰਨ ਨਾਲ ਇਹ ਦਰਦ ਹੋ ਰਿਹਾ ਹੈ। ਇਹ ਦਰਦ ਵੱਧਦਾ ਗਿਆ, ਇਸਲਈ ਮੈਂ ਗੁਰੂ ਨਾਨਕ ਕਲੋਨੀ ਵਿਖੇ ਡਾਕਟਰ ਨਵੀਨ ਤੋਂ ਚੈੱਕ ਅੱਪ ਕਰਵਾਇਆ। ਉਸ ਨੇ ਕਿਹਾ ਕਿ ਤੁਸੀ ਬਿਲਕੁਲ ਠੀਕ ਠਾਕ ਹੋ ਤੇ ਤੁਹਾਨੂੰ ਕਿਸੇ ਪ੍ਰਕਾਰ ਦੇ ਵੀ ਟੈਸਟ ਕਰਵਾਉਣ ਦੀ ਲੋੜ ਨਹੀਂ। ਜਦੋਂ ਦਰਦ ਨਾ ਰੁਕਿਆ ਤਾਂ ਮੈਂ ਤਿੰਨ ਚਾਰ ਬਾਅਦ ਫਿਰ ਡਾਕਟਰ ਨਵੀਨ ਪਾਸ ਗਿਆ। ਉਸ ਨੇ ਫਿਰ ਕਿਹਾ ਕਿ ਮੇਰੇ ਮੁਤਾਬਕ ਤੁਸੀਂ ਬਿਲਕੁਲ ਠੀਕ ਹੋ।

ਦਰਦ ਨਾ ਰੁਕਣ ਕਾਰਨ ਅਗਲੇ ਹੀ ਦਿਨ ਮੈਂ ਡਾਕਟਰ ਬਿਮਲ ਗਰਗ ਤੋਂ ਚੈੱਕ ਅੱਪ ਕਰਵਾਇਆ। ਚੰਗੀ ਤਰ੍ਹਾਂ ਚੈੱਕ ਅੱਪ ਕਰਨ ਤੋਂ ਬਾਅਦ ਡਾਕਟਰ ਬਿਮਲ ਗਰਗ ਨੇ ਕਿਹਾ ਕਿ ਤੁਹਾਡੇ ਪੇਟ ਦਾ ਅਲਟਰਾਸਾਉਂਡ ਸਕੈਨ ਕਰਨ ਦੀ ਲੋੜ ਹੈ। ਅਲਟਰਾਸਾਉਂਡ ਸਕੈਨ ਕਰਨ ਤੇ ਪੈਂਕਰਿਆਸ ਅਤੇ ਲਿਵਰ ਉੱਪਰ ਕਾਫੀ ਨਿਸ਼ਾਨ ਸਨ ਜੋ ਉਸਨੇ ਮੈਨੂੰ ਕੰਪਿਊਟਰ ਦੇ ਮੌਨੀਟਰ ਉੱਪਰ ਦਿਖਾਏ। ਨਾਲ ਹੀ ਕਿਹਾ ਕਿ ਇਹ ਕਿਸੇ ਗੰਭੀਰ ਬਿਮਾਰੀ ਦੇ ਲੱਛਣ ਹਨ। ਡਾਕਟਰ ਬਿਮਲ ਗਰਗ ਨੇ ਮੈਨੂੰ ਅਲਟਰਾਸਾਉਂਡ ਸਕੈਨ ਦੀ ਕਾਪੀ ਅਤੇ ਲਿਖਤੀ ਰਿਪੋਟ ਦਿਤੀ।

ਇਹ ਰਿਪੋਟ ਮੈਂ ਤੁਰੰਤ ਸਮਦੀਸ਼ ਅਤੇ ਸਿਮਰਤ ਨੂੰ ਭੇਜ ਦਿੱਤੀ। ਅਗਲੇ ਦਿਨ ਸਮਦੀਸ਼ ਅਤੇ ਅਨੀਤ (ਨੂੰਹਰਾਣੀ) ਦਿੱਲੀ ਤੋਂ ਫਰੀਦਕੋਟ ਵਿਖੇ ਮੇਰੇ ਪਾਸ ਆ ਗਏ। ਜਦੋਂ ਅਸੀਂ ਡਾਕਟਰ ਪੰਕਜ ਮਿੱਤਲ, MD ਰੇਡਿਓਲੋਜੀ, ਪਾਸੋਂ ਦੋਬਾਰਾ ਅਲਟਰਾਸਾਊਂਡ ਕਰਾਇਆ ਤਾਂ ਗੰਭੀਰ ਬਿਮਾਰੀ ਦੀ ਪੁਸ਼ਟੀ ਹੋ ਗਈ। ਬੇਟੀ ਅਨੀਤ ਨੇ ਇਸ ਰਿਪੋਟ ਦੇ ਅਧਾਰ ਤੇ ਆਪਣੀ ਇੱਕ ਸਹੇਲੀ, ਜੋ ਕਿ AIIMS ਬਠਿੰਡੇ ਵਿਖੇ MD ਡਾਕਟਰ ਹੈ, ਨਾਲ ਸਲਾਹ ਕੀਤਾ ਅਤੇ ਬਠਿੰਡੇ ਤੋਂ ਇੱਕ ਪ੍ਰਾਇਵੇਟ ਹਸਪਤਾਲ ਵਿਚੋਂ ਮੇਰਾ ਇਲਾਜ ਸ਼ੁਰੂ ਕਰਵਾ ਦਿੱਤਾ।

ਬੇਟੇ ਅਮਿਤ ਦਾ ਮੈਨੂੰ ਵਾਰ ਵਾਰ ਫੋਨ ਆਇਆ ਕਿ ਪਾਪਾ ਸਾਡੇ ਪਾਸ ਆ ਜਾਓ, ਇਥੇ ਤੁਹਾਡਾ ਇਲਾਜ ਬਹੁਤ ਚੰਗੀ ਤਰ੍ਹਾਂ ਹੋ ਜਾਵੇਗਾ। ਅਸੀਂ ਸਾਰੇ ਪਰਿਵਾਰ ਨੇ ਚੰਗੀ ਤਰ੍ਹਾਂ ਸੋਚ ਵਿਚਾਰ ਕਰਕੇ ਬੇਟੀ ਸਿਮਰਤ ਪਾਸ ਦੇਹਰਾਦੂਨ ਵਿਖੇ ਜਾਣ ਦਾ ਫੈਸਲਾ ਕੀਤਾ। ਮੈਂ ਇੱਥੇ ਵਰਨਣ ਕਰਨਾ ਚਾਹਾਂਗਾ ਕਿ ਜਦੋਂ ਰਿਸ਼ਤੇਦਾਰ ਅਤੇ ਸੱਜਣਾ ਮਿੱਤਰਾਂ ਨੂੰ ਮੇਰੀ ਬਿਮਾਰੀ ਬਾਰੇ ਪਤਾ ਲੱਗਾ ਤਾਂ ਉਹਨਾਂ ਵਿਚੋਂ ਕੁਛ ਘਰ ਆਏ ਅਤੇ ਕਿਸੇ ਕਿਸਮ ਦੀ ਸਹਾਇਤਾ ਵਾਸਤੇ ਪੁੱਛਿਆ, ਕੁਛ ਨੇ ਲੋੜ ਮੁਤਾਬਕ ਸਹਾਇਤਾ ਕੀਤੀ ਅਤੇ ਕੁਛ ਨੇ ਕਈ ਦਿਨਾਂ ਬਾਅਦ ਫੋਨ ਤੇ ਹਾਲ ਚਾਲ ਪੁੱਛਿਆ। ਦੁਨੀਆ ਦਾ ਇਹੀ ਦਸਤੂਰ ਹੈ।

ਜਦੋਂ ਅਸੀਂ ਦੇਹਰਾਦੂਨ ਜਾਣ ਦਾ ਫੈਸਲਾ ਕਰ ਲਿਆ ਤਾਂ ਸਮਦੀਸ਼ ਨੇ ਬਠਿੰਡੇ ਤੋਂ ਸ਼ਤਾਬਦੀ ਟ੍ਰੇਨ ਵਿੱਚ ਫਸਟ ਕਲਾਸ ਸੀਟਾਂ ਜੋ ਕਿ ਇੱਕੋ ਕੈਬਿਨ ਵਿੱਚ ਸਨ ਬੁੱਕ ਕਰਵਾ ਲਈਆਂ। ਅਗਲੇ ਹੀ ਦਿਨ ਅਸੀਂ

ਬਠਿੰਡਾ ਜਾਣ ਦੀ ਤਿਆਰੀ ਕੀਤੀ। ਹਨੀ ਚਾਵਲਾ ਨੇ ਸਾਨੂੰ ਇੱਕ ਬਹੁਤ ਹੀ ਵਧਿਆ ਅਰਾਮ ਦਾਇਕ ਅਤੇ ਨਵੀਂ ਕਾਰ ਕਰਾਏ ਤੇ ਕਰਾਕੇ ਦਿੱਤੀ। ਅਨੀਤ ਅਤੇ ਗੁਰਪਾਲ ਨੇ ਬਹੁਤ ਸਾਰਾ ਲੋੜੀਂਦਾ ਸਮਾਨ ਨਾਲ ਲੈ ਲਿਆ। ਬਿਮਾਰੀ ਦੇ ਕਾਰਨ ਦਰਦ ਦੇ ਬਾਵਜੂਦ ਬਠਿੰਡੇ ਤੱਕ ਦਾ ਸਫਰ ਆਰਾਮਦਾਇਕ ਰਿਹਾ। ਬਠਿੰਡੇ ਵਿਖੇ ਸਟੇਸ਼ਨ ਤੇ ਜਾ ਕੇ ਡਰਾਈਵਰ ਨੇ ਵੀ ਆਪਣੇ ਨੇਕ ਦਿਲ ਹੋਣ ਦਾ ਸਬੂਤ ਦਿੱਤਾ ਅਤੇ ਸਾਰਾ ਸਮਾਨ ਟ੍ਰੇਨ ਵਿੱਚ ਬਹੁਤ ਹੀ ਪਿਆਰ ਸਤਕਾਰ ਨਾਲ ਰਖਵਾਇਆ। ਇਸ ਅਰਾਮਦਾਇਕ ਸਫਰ ਦੀ ਪੇਟ ਵਿੱਚ ਗੰਭੀਰ ਦਰਦ ਹੋਣ ਕਰਕੇ ਬਹੁਤ ਲੋੜ ਸੀ।

ਬਠਿੰਡਾ ਤੋਂ ਦਿੱਲੀ ਤਕ ਦਾ ਸਫਰ ਵੀ ਬਹੁਤ ਹੀ ਅਰਾਮਦਾਇਕ ਸੀ। ਇਸ ਸਫਰ ਦੇਰਾਨ ਅਨੀਤ ਨੇ ਇਲੇਕ੍ਰਿਕ ਕੈਟਲ ਵਿੱਚ ਚਾਹ ਬਣਾ ਕੇ ਟ੍ਰੇਨ ਵਿੱਚ ਹੀ ਸਾਰਿਆਂ ਨੂੰ ਪਿਆਈ। ਸ਼ਾਮ ਨੂੰ ਅਸੀਂ ਦਿੱਲੀ ਪਹੁੰਚ ਗਏ। ਇੱਕ ਰਾਤ ਦਿੱਲੀ ਠਹਿਰਨ ਉਪਰੰਤ ਅਗਲੇ ਦਿਨ ਸ਼ਾਮ ਨੂੰ ਏਅਰਪੋਰਟ ਜੌਲੀ ਗਰਾਂਟ ਦੇਹਰਾਦੂਨ ਵਿਖੇ ਪਹੁੰਚ ਗਏ। ਸਿਮਰਤ, ਅਮਿਤ ਅਤੇ ਉਸਦਾ ਛੋਟਾ ਭਾਈ ਵੋਨੂ ਸਾਨੂੰ ਏਅਰਪੋਰਟ ਤੋਂ ਕਾਰ ਰਾਹੀਂ ਘਰ ਲੈ ਕੇ ਗਏ । ਐਤਵਾਰ ਦਾ ਦਿਨ ਆਰਾਮ ਕਰਨ ਤੋਂ ਬਾਅਦ ਅਗਲੇ ਦਿਨ ਤੋਂ ਹਿਮਾਲਿਅਨ ਹਸਪਤਾਲ ਤੋਂ ਮੇਰਾ ਇਲਾਜ ਸ਼ੁਰੂ ਹੋ ਗਿਆ।

ਇਥੇ ਮੈਂ ਸਤਿਗੁਰੂ ਅਤੇ ਨਿਰਾਕਾਰ ਪਰਮਾਤਮਾ ਦੀ ਲੀਲਾ ਨੂੰ ਵੇਖ ਕੇ ਅਤਿਅੰਤ ਖੁਸ਼ ਅਤੇ ਹੈਰਾਨ ਹਾਂ ਕਿ ਜੇਕਰ ਕੁਦਰਤ ਵੱਲੋਂ ਇੰਨੀ ਗੰਭੀਰ

ਬਿਮਾਰੀ ਆਈ ਹੈ ਤਾਂ ਉਸ ਦਾ ਸਮਾਧਾਨ ਵੀ ਮੇਰੇ ਸਤਿਗੁਰੂ ਨੇ ਪਹਿਲਾਂ ਹੀ ਕੀਤਾ ਹੋਇਆ ਹੈ। ਜਦੋਂ ਵੀ ਮੈਂ ਹਸਪਤਾਲ ਵਿਖੇ ਸਿਮਰਤ ਅਤੇ ਅਮਿਤ ਨਾਲ ਜਾਂਦਾ ਤਾਂ ਡਾਕਟਰ ਸਾਡੀ ਗੱਲ ਪਹਿਲ ਦੇ ਆਧਾਰ ਤੇ ਬੜੇ ਹੀ ਧਿਆਨ ਨਾਲ ਸੁਣਦੇ ਅਤੇ ਵਿਸ਼ਵਾਸ ਵੀ ਦਵਾਉਂਦੇ ਕੇ ਇਸ ਬਿਮਾਰੀ ਤੇ ਕਾਬੂ ਪਾ ਲਿਆ ਜਾਵੇਗਾ।ਡਾਕਟਰ ਨੇ ਮੈਨੂੰ ਕਿਹਾ ਕਿ ਤੁਸੀਂ ਤਿੰਨ ਗੱਲਾਂ ਦਾ ਧਿਆਨ ਰੱਖਣਾ ਹੈ:

1. ਸਾਫ ਸਫਾਈ ਰੱਖਣੀ ਹੈ
2. ਪ੍ਰੋਟੀਨ ਯੁਕਤ ਚੰਗੀ ਖੁਰਾਕ ਲੈਣੀ ਹੈ
3. ਐਕਟਿਵ ਲਾਈਫ ਸਟਾਈਲ ਅਪਣਾਉਣਾ ਹੈ

ਅਤੇ ਇਲਾਜ ਮੈਂ ਕਰਨਾ ਹੈ। ਮੈਂ ਕਿਹਾ ਕਿ ਅਸੀਂ ਰਲ ਮਿਲ ਕੇ ਕੋਸ਼ਿਸ਼ ਕਰਨੀ ਹੈ। ਠੀਕ ਮੈਂ ਇਸ ਪਰਮ ਪਿਤਾ ਪਰਮਾਤਮਾ ਦੀ ਕਿਰਪਾ ਨਾਲ ਹੋਣਾ ਹੈ।

"ਆਪੇ ਹੀ ਸਮੇਟਦਾ ਤੇ ਆਪੇ ਹੀ ਖੇਡਾਂ ਪਾਵੇ ,

ਅਸੀਂ ਅਨਜਾਣ ਸਾਨੂੰ ਸਮਝ ਨਾ ਆਵੇ।"

ਆਪਣੀ ਜ਼ਿੰਦਗੀ ਵਿੱਚ ਬਹੁਤ ਪੜ੍ਹਿਆ ਸੁਣਿਆ ਕਿ ਪਰਮਾਤਮਾ ਵੱਲੋਂ ਜੇਕਰ ਕੋਈ ਔਖਾ ਸਮਾਂ ਆ ਜਾਂਦਾ ਹੈ ਤਾਂ ਉਹ ਇਸਨੂੰ ਆਪ ਹੀ ਸਮੇਟ ਵੀ ਲੈਂਦਾ ਹੈ। ਇਥੇ ਮੈਂ ਸਤਿਗੁਰੂ ਦੀ ਕਿਰਪਾ ਨਾਲ ਇਸ ਬਿਮਾਰੀ ਦੇ

ਤਜਰਬੇ ਦੇ ਆਧਾਰ ਤੇ ਕਹਿ ਸਕਦਾ ਹਾਂ, ਇਹ ਅਟਲ ਸੱਚਾਈ ਹੈ। ਇਤਨੀ ਭਿਆਨਕ ਬਿਮਾਰੀ ਹੋਣ ਦੇ ਬਾਵਜੂਦ ਮੈਨੂੰ ਪਰਮਾਤਮਾ ਦੀ ਕਿਰਪਾ ਨਾਲ ਕਦੇ ਇਹ ਅਹਿਸਾਸ ਨਹੀਂ ਹੋਇਆ ਕਿ ਮੈਂ ਬਿਮਾਰ ਹਾਂ। ਇਲਾਜ ਦੇ ਦੌਰਾਨ ਮੇਰੀ ਜਿੰਦਗੀ ਆਮ ਵਾਂਗ ਹੀ ਚਲਦੀ ਰਹੀ, ਕੋਈ ਦੁੱਖ ਤਕਲੀਫ ਨਹੀਂ ਆਈ। ਇਹ ਸਭ ਕੁਝ ਨਿਰਾਕਾਰ ਪਰਮਾਤਮਾ ਦੀ ਕਿਰਪਾ , ਚੰਗੇ ਡਾਕਟਰੀ ਇਲਾਜ ਅਤੇ ਪਰਿਵਾਰਿਕ ਮੈਂਬਰਾਂ: ਗੁਰਪਾਲ, ਮਨਦੀਪ, ਮਨਜਿੰਦਰ, ਸਿਮਰਤ, ਅਮਿਤ, ਸਮਦੀਸ਼ ਅਤੇ ਅਨੀਤ ਦੀ ਅਣਥੱਕ ਘਾਲਣਾ ਅਤੇ ਸੇਵਾ ਭਾਵ ਕਾਰਨ ਸੰਭਵ ਹੋਇਆ। ਮੈਂ ਪਰਮਾਤਮਾ ਅੱਗੇ ਇਹੀ ਅਰਦਾਸ ਕਰਦਾ ਹਾਂ ਕਿ ਸਾਰੇ ਪਰਿਵਾਰਾਂ ਵਿੱਚ ਇਸ ਤਰ੍ਹਾਂ ਦਾ ਪ੍ਰੇਮ ਭਾਵ, ਸੇਵਾ ਭਾਵ ਅਤੇ ਇੱਕ ਦੂਜੇ ਲਈ ਹਮਦਰਦੀ ਦੀ ਭਾਵਨਾ ਬਣੇ।

ਬੇਟੀ ਮਨਦੀਪ, ਜੋ ਕਿ ਅਮਰੀਕਾ ਵਿੱਚ ਆਪਣਾ ਡੈਂਟਲ ਕਲੀਨਿਕ ਚਲਾ ਰਹੀ ਹੈ ਅਤੇ ਆਪਣੇ ਪਰਿਵਾਰ ਸਮੇਤ ਉੱਥੇ ਰਹਿ ਰਹੀ ਹੈ, ਨੂੰ ਜਦੋਂ ਮੇਰੀ ਬਿਮਾਰੀ ਬਾਰੇ ਪਤਾ ਲੱਗਾ ਤਾਂ ਉਸਨੇ ਮਨਜਿੰਦਰ ਨਾਲ ਮੇਰੇ ਪਾਸ ਇੰਡੀਆ ਆਉਣ ਬਾਰੇ ਸਲਾਹ ਕੀਤੀ। ਮਨਜਿੰਦਰ ਨੇ ਖੁਸ਼ੀ ਖੁਸ਼ੀ ਤਿੰਨਾਂ ਬੱਚਿਆਂ ਨੂੰ ਸਾਂਭਣ ਦੀ ਜਿੰਮੇਦਾਰੀ ਲਈ ਅਤੇ ਮਨਦੀਪ ਨੂੰ ਦੇਹਰਾਦੂਨ ਵਿਖੇ ਭੇਜ ਦਿੱਤਾ, ਜੋ ਕਿ ਇੱਥੇ ਆ ਕੇ ਮੇਰੀ ਸਾਂਭ ਸੰਭਾਲ ਕਰਨ ਵਿੱਚ ਬਹੁਤ ਹੀ ਸਹਾਈ ਸਿੱਧ ਹੋਇਆ। ਜਿੱਥੇ ਉਸਨੇ ਲਗਾਤਾਰ ਢਾਈ ਮਹੀਨੇ ਮੇਰੀ ਸਿਹਤ ਸੰਭਾਲ ਦਾ ਧਿਆਨ ਰੱਖਿਆ, ਉਥੇ ਹੀ ਉਹ

ਇੱਕ ਡਾਇਰੀ ਅਤੇ ਬਾਲ ਪੈਨ ਵੀ ਲੈ ਕੇ ਆਈ ਸੀ। ਉਹ ਪੱਕਾ ਇਰਾਦਾ ਬਣਾ ਕੇ ਆਈ ਸੀ ਕਿ ਜੋ ਸਾਰੇ ਪਰਿਵਾਰ ਦੀ ਇਹ ਕਿਤਾਬ (ਮੇਰੇ ਰੂਹਾਨੀ ਤਜਰਬੇ) ਦਾ ਸੁਪਨਾ ਹੈ, ਉਹ ਪੂਰਾ ਕਰਨਾ ਹੈ। ਜੋ ਕੁਝ ਵੀ ਮੈਂ ਉਸ ਨੂੰ ਲਿਖਾਇਆ, ਉਸ ਨੇ ਉਸ ਨੂੰ ਹੋਰ ਵੀ ਸੋਹਣੇ ਢੰਗ ਨਾਲ ਇਸ ਕਿਤਾਬ ਵਿੱਚ ਸ਼ਾਮਿਲ ਕੀਤਾ। ਬਾਅਦ ਵਿੱਚ ਮਨਜਿੰਦਰ ਵੀ ਨਵਨਾਜ, ਏਕਲਿਵ ਅਤੇ ਏਕਨੂਰ ਨੂੰ ਲੈ ਕੇ ਸਾਡੇ ਪਾਸ ਹੀ ਆ ਗਿਆ ਅਤੇ ਇੱਕ ਮਹੀਨਾ ਠਹਿਰਨ ਤੋਂ ਬਾਅਦ ਸਾਰਾ ਪਰਿਵਾਰ ਅਮਰੀਕਾ ਵਾਪਸ ਚਲਾ ਗਿਆ।

ਇਲਾਜ ਦੇ ਦੌਰਾਨ ਸਤਿਗੁਰੂ ਨਿਰਾਕਾਰ ਦੀ ਐਸੀ ਕਿਰਪਾ ਰਹੀ ਬਣੀ ਰਹੀ ਕਿ ਅਸੀਂ ਰੋਜ਼ਾਨਾ ਹੀ ਨੇੜਲੀ ਪਾਰਕ ਵਿੱਚ ਸ਼ਾਮ ਸਵੇਰੇ ਸੈਰ ਕਰਦੇ ਸੀ। ਸਵਾਮੀ ਰਾਮਾ ਹਿਮਾਲਿਅਨ ਯੂਨੀਵਰਸਿਟੀ ਦੇ ਕੈਂਪਸ ਦਾ ਏਰੀਆ ਇਤਨਾ ਹਰਾ ਭਰਾ, ਖੁਸ਼ਬੂਦਾਰ ਫੁੱਲਾਂ ਦੀ ਮਹਿਕ ਵਾਲਾ ਅਤੇ ਬਹੁਤ ਹੀ ਸਾਫ ਸੁਥਰਾ ਹੈ। ਇਥੋਂ ਦਾ ਵਾਤਾਵਰਨ ਵੀ ਬਹੁਤ ਹੀ ਸੁਹਾਵਣਾ ਹੈ ਅਤੇ ਹਵਾ ਪਾਣੀ ਬਹੁਤ ਹੀ ਉੱਤਮ ਕਿਸਮ ਦਾ ਹੈ। ਮੈਂ ਇੱਥੇ ਸਤਿਗੁਰੂ ਦੀ ਕਿਰਪਾ ਦਾ ਇੱਕ ਹੋਰ ਵਰਣਨ ਕਰਨਾ ਚਾਹਵਾਂਗਾ ਕਿ ਇੱਕ ਦਿਨ ਅਸੀਂ ਸਾਰਾ ਪਰਿਵਾਰ ਪਾਰਕ ਵਿੱਚ ਸੈਰ ਕਰ ਰਹੇ ਸੀ। ਉੱਥੇ ਇੱਕ ਬਹੁਤ ਹੀ ਉੱਚ ਸਖਸ਼ੀਅਤ ਵਾਲਾ ਇਨਸਾਨ ਸਾਨੂੰ ਮਿਲਿਆ। ਉਸ ਨੇ ਗੁੱਡ ਮੋਰਨਿੰਗ ਕੀਤੀ ਅਤੇ ਪੁੱਛਿਆ ਕਿ ਤੁਸੀਂ ਇੱਥੇ ਕਿਸ ਪਾਸ ਰਹਿ ਰਹੇ ਹੋ। ਮੈਂ ਦੱਸਿਆ ਕਿ ਮੇਰੀ ਬੇਟੀ ਅਤੇ ਦਮਾਦ ਤੁਹਾਡੇ ਮੈਡੀਕਲ ਕਾਲਜ ਵਿੱਚ ਸਹਾਇਕ ਪ੍ਰੋਫੈਸਰ ਹਨ, ਉਹਨਾਂ ਨੂੰ ਮਿਲਣ

ਆਏ ਹਾਂ। ਉਸ ਨੇ ਆਪਣੀ ਪਹਿਚਾਣ ਕਰਾਉਂਦੇ ਹੋਏ ਕਿਹਾ ਕਿ ਮੈਂ ਇੱਥੇ ਮੈਡੀਕਲ ਕਾਲਜ ਦਾ ਪ੍ਰਿੰਸੀਪਲ ਹਾਂ। ਉਸ ਨੇ ਆਪਣਾ ਨਾਂ ਅਸ਼ੋਕ ਦਿਉਰਾਰੀ ਦੱਸਿਆ ਅਤੇ ਕਿਹਾ ਕਿ ਤੁਹਾਡੇ ਵਿੱਚ ਮੈਨੂੰ ਆਪਣੇ ਗੁਰੂ ਦਾ ਅਕਸ ਦਿਖਾਈ ਦਿੰਦਾ ਹੈ। ਮੈਂ ਹੁਣ ਕੰਮਾਂਕਾਰਾਂ ਵਿੱਚ ਵਿਅਸਤ ਹਾਂ ਅਤੇ ਰਿਟਾਇਰਮੈਂਟ ਤੋਂ ਬਾਅਦ ਤੁਹਾਡੇ ਵਰਗਾ ਬਣਨਾ ਚਾਹੁੰਦਾ ਹਾਂ।

ਇਹ ਘਟਨਾ ਸਤਿਗੁਰੂ ਦੀ ਮਹਾਨ ਕਿਰਪਾ ਨੂੰ ਦਰਸਾਉਂਦੀ ਹੈ ਇੱਕ ਬਹੁਤ ਹੀ ਉੱਚੇ ਰੁਤਬੇ ਦਾ ਵਿਅਕਤੀ ਬਿਨਾਂ ਕਿਸੇ ਜਾਣ ਪਹਿਚਾਣ ਦੇ ਸਿਰਫ ਚਿਹਰਾ ਵੇਖ ਕੇ ਹੀ ਇਹ ਗੱਲ ਕਹਿੰਦਾ ਹੈ ਕਿ ਮੈਨੂੰ ਤੁਹਾਡੇ ਚਿਹਰੇ ਵਿੱਚ ਆਪਣੇ ਗੁਰੂ ਦਾ ਅਕਸ ਦਿਸਦਾ ਹੈ ਅਤੇ ਮੈਂ ਤੁਹਾਡੇ ਵਰਗਾ ਬਣਨਾ ਚਾਹੁੰਦਾ ਹਾਂ। ਇਹ ਸਾਰੀ ਗੁਰੂ ਦੀ ਵਡਿਆਈ ਹੈ ।

"ਸਾਨੂੰ ਕੌਣ ਪੁੱਛਦਾ ਸੀ, ਸਭ ਤੇਰੀਆਂ ਨੇ ਵਡਿਆਈਆਂ
ਔਗੁਣਾ ਤੇ ਪਾ ਕੇ ਪੜਦਾ, ਆਪਣਾ ਬਿਰਧ ਨਿਭਾਇਆ ਏ ਸਾਈਆਂ"

ਉਸਨੇ ਮੈਨੂੰ ਇਹ ਵੀ ਸਲਾਹ ਦਿੱਤੀ ਕਿ ਆਪਣੇ ਬੱਚਿਆਂ ਨੂੰ ਸਮਝਾਓ ਕਿ ਪੈਸੇ ਦੇ ਪਿੱਛੇ ਨਾ ਦੌੜਨ, ਉਹਨਾਂ ਨੂੰ ਜਿੰਦਗੀ ਵਿੱਚ ਪੈਸੇ ਦੀ ਕੋਈ ਕਮੀ ਤਾਂ ਰਹਿਣੀ ਹੀ ਨਹੀਂ। ਮੈਂ ਉਸਨੂੰ ਦੱਸਿਆ ਕਿ ਮੇਰੇ ਬੱਚੇ ਪੈਸਿਆਂ ਦੇ ਸੰਬੰਧ ਵਿੱਚ MR (ਐਮ ਆਰ) ਨੂੰ ਕੋਰਾ ਇਨਕਾਰ ਕਰ ਦਿੰਦੇ ਹਨ ਅਤੇ ਆਪਣੀਆਂ ਤਨਖਾਵਾਂ ਵਿੱਚ ਸੰਤੁਸ਼ਟ ਹਨ। ਇਸ ਸਾਰੀ ਗੱਲ ਬਾਤ

ਦਾ ਉਸ ਉੱਪਰ ਇਹ ਪ੍ਰਭਾਵ ਪਿਆ ਕੇ ਉਸਨੇ ਸਿਮਰਤ ਅਤੇ ਅਮਿਤ ਨੂੰ ਹੋਰ ਵੀ ਉੱਚੀਆਂ ਜ਼ਿੰਮੇਵਾਰੀਆਂ ਦੇ ਦਿੱਤੀਆਂ।

ਸਮਦੀਸ਼ ਅਤੇ ਅਨੀਤ ਵੀ ਦਿੱਲੀ ਤੋਂ ਅਕਸਰ ਹੀ ਇੱਥੇ ਆਉਂਦੇ ਜਾਂਦੇ ਰਹੇ। ਕਈ ਵਾਰ ਪੂਰੇ ਹਫਤੇ ਦਾ ਪ੍ਰੋਗਰਾਮ ਬਣਾ ਕੇ ਆਉਂਦੇ। ਇਸ ਤਰ੍ਹਾਂ ਉਹਨਾਂ ਨੇ ਹਰ ਤਰ੍ਹਾਂ ਨਾਲ ਮੇਰੇ ਸਿਹਤਯਾਬ ਹੋਣ ਵਿੱਚ ਯੋਗਦਾਨ ਪਾਇਆ। ਮੈਨੂੰ ਸਮੇਂ ਸਿਰ ਖਾਣਾ ਦੇਣਾ, ਦਵਾਈ ਆਦਿ ਦੇਣਾ, ਡਾਕਟਰ ਦੇ ਦੱਸਣ ਅਨੁਸਾਰ ਸਾਰੇ ਸਰੀਰ ਤੇ ਮਾਲਿਸ਼ ਕਰਨੀ ਅਤੇ ਮੇਰਾ ਹੌਸਲਾ ਬਣਾ ਕੇ ਰੱਖਣ ਵਿੱਚ ਗੁਰਪਾਲ ਨੇ ਅਤਿਅੰਤ ਯੋਗਦਾਨ ਪਾਇਆ।

" ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਰਾਗ ਸੂਹੀ ;ਅੰਗ 749)*

"ਗੁਰ ਚਰਣੀ ਜਾ ਕਾ ਮਨੁ ਲਾਗੈ ॥

ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥"

*(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਅੰਗ 864)*

"ਨਿਰੰਕਾਰ ਗੁਰੂ ਨਿੱਜ ਸੇਵਕ ਦਾ, ਆਪ ਹੀ ਪਰਦਾ ਕੱਜਦਾ ਏ,

ਔਕੜ, ਦੁੱਖ-ਮੁਸੀਬਤ ਵੇਲੇ, ਹੱਥ ਸਿਰਾ ਤੇ ਰੱਖਦਾ ਏ।"